**Group - Business and Commerce**
**Trade - Banking & Financial Services**
**Subject – Advances & Foreign Exchange - 216**
**Class- 10+2**

**ਭਾਗ - I**

**ਬਹੁ-ਵਿਕਲਪ ਪ੍ਰਸ਼ਨ**

1. ਬੈਂਕਾਂ ਦੁਆਰਾ ਵੱਖ-ਵੱਖ ਖੇਤਰਾਂ ਨੂੰ ਦਿੱਤੇ ਗਏ ਕਰਜ਼ਿਆਂ ਦਾ ਦੇਸ਼ ਦੀ ਅਰਥ ਵਿਵਸਥਾ ਤੇ ਕੀ ਪ੍ਰਭਾਵ ਪੈਂਦਾ ਹੈ?

   A. ਅਰਥ ਵਿਵਸਥਾ ਕਮਜ਼ੋਰ ਹੁੰਦੀ ਹੈ

   **B. ਅਰਥ ਵਿਵਸਥਾ ਮਜਬੂਤ ਹੁੰਦੀ ਹੈ**

   C. ਅਰਥ ਵਿਵਸਥਾ ਤੇ ਕੋਈ ਪ੍ਰਭਾਵ ਨਹੀਂ ਪੈਂਦਾ

   D. ਧਨ ਦੀ ਦੁਰਵਰਤੋਂ ਹੁੰਦੀ ਹੈ

2. ਬੈਂਕ ਗ੍ਰਾਹਕਾ ਦੇ ਕੀਮਤੀ ਸਮਾਨ ਦੀ ਸੁਰੱਖਿਆ ਲਈ .......... ਦੀ ਸਹੂਲਤ ਪ੍ਰਦਾਨ ਕਰਦਾ ਹੈ।

   A. ਅਲਮਾਰੀ

   B. ਦਰਾਜ਼

   **C. ਲਾਕਰ**

   D. ਉਪਰੋਕਤ ਵਿਚੋਂ ਕੋਈ ਨਹੀਂ

3. ਭਾਰਤ ਵਿੱਚ ਲੀਜ਼ਿੰਗ ਕਿਸ ਕੰਪਨੀ ਨੇ ਸ਼ੁਰੂ ਕੀਤੀ

   A. ICICI

   **B. First Leasing Company Of India Limited**

   C. SICOM

   D. ਉਪਰੋਕਤ ਵਿੱਚੋਂ ਕੋਈ ਨਹੀਂ।

4. ਏ ਟੀ ਐਮ (ATM) ਦਾ ਪੂਰਾ ਨਾਮ ਹੈ।

   A. ਆਟੋਮੇਟਿਡ ਟੋਟਲਰ ਮਸ਼ੀਨ

   **B. ਆਟੋਮੇਟਿਡ ਟੈਲਰ ਮਸ਼ੀਨ**

   C. ਆਟੋਮੇਟਿਡ ਟੋਕਨ ਮਸ਼ੀਨ

   D. ਉਪਰੋਕਤ ਵਿੱਚੋਂ ਕੋਈ ਨਹੀਂ

5. ਗਰੰਟੀ ਦੇ ਇਕਰਾਰਨਾਮੇ ਵਿੱਚ ਜੋ ਵਿਅਕਤੀ ਗਰੰਟੀ ਦਿੰਦਾ ਹੈ ਉਸ ਨੂੰ ਕਿਹਾ ਜਾਂਦਾ ਹੈ

**A. ਗਰੰਟਰ**

B. ਮੁੱਖ ਦੇਣਦਾਰ

C. ਲੈਣਦਾਰ

D. ਉਪਰੋਕਤ ਵਿਚੋਂ ਕੋਈ ਨਹੀਂ

6. ਕਿਰਾਇਆ ਖਰੀਦ ਪ੍ਣਾਲੀ ਦੇ ਅਧੀਨ ਮਾਲ ਦੀ ਮਾਲਕੀ ਤਬਦੀਲ ਕੀਤੀ ਜਾਂਦੀ ਹੈ

A. ਮੁੱਢਲੀ ਅਦਾਇਗੀ ਸਮੇਂ

B. ਪਹਿਲੀ ਕਿਸ਼ਤ ਦੀ ਅਦਾਇਗੀ ਸਮੇਂ

**C. ਆਖਰੀ ਕਿਸ਼ਤ ਦੀ ਅਦਾਇਗੀ ਸਮੇਂ**

D. ਉਪਰੋਕਤ ਵਿਚੋਂ ਕੋਈ ਨਹੀਂ

7. ਐਚ ਡੀ ਐਫ ਸੀ ( HDFC) ਦਾ ਪੂਰਾ ਨਾਮ ਹੈ

**A. ਹਾਊਸਿੰਗ ਡਿਵੈਲਪਮੈਂਟ ਫਾਇਨਾਂਸ ਕਾਰਪੋਰੇਸ਼ਨ**

B. ਹਾਊਸਿੰਗ ਡਿਵੈਲਪਮੈਂਟ ਫੈੱਡਰੇਸ਼ਨ ਆਫ ਕਾਮਰਸ

C. ਹਾਊਸਿੰਗ ਡਿਵੈਲਪਮੈਂਟ ਫਾਇਨਾਂਸ ਕੰਪਨੀ

D. ਉਪਰੋਕਤ ਵਿੱਚੋਂ ਕੋਈ ਨਹੀਂ

8. ਵਿਦੇਸ਼ੀ ਮੁਦਰਾ ਬਾਜ਼ਾਰ ਦਾ ਲਾਭ ਹੈ

A. ਵਿਸ਼ਾਲ ਅਤੇ ਗਲੋਬਲ ਮਾਰਕੀਟ

B. ਲੈਣ-ਦੇਣ ਦੀ ਘੱਟ ਲਾਗਤ

C. ਵੱਧ ਲਚਕਤਾ

**D. ਉਪਰੋਕਤ ਸਾਰੇ**

9. ਕੇ ਵਾਈ ਸੀ ( KYC) ਤੋਂ ਭਾਵ ਹੈ।

A. ਆਪਣੇ ਚਰਿੱਤਰ ਨੂੰ ਜਾਣੋ

B. ਆਪਣੇ ਕਾਊਂਟਰ ਨੂੰ ਜਾਣੋ

C. ਆਪਣੀ ਕੰਪਨੀ ਨੂੰ ਜਾਣੋ

**D. ਆਪਣੇ ਗ੍ਰਾਹਕ ਨੂੰ ਜਾਣੋ**

10. ਕਾਰ ਲੋਨ ਕਿਸ ਪ੍ਰਕਾਰ ਦੇ ਚਾਰਜ ਦੀ ਉਦਾਹਰਣ ਹੈ?

A. ਮੋਰਟਗੇਜ

B. ਪਲੈਜ

**C. ਹਾਈਪੋਥੀਕੇਸ਼ਨ**

D. ਉਪਰੋਕਤ ਵਿੱਚੋਂ ਕੋਈ ਨਹੀਂ

11. ਪ੍ਰਾਥਮਿਕ ਸੈਕਟਰ ਵਿੱਚ ਸ਼ਾਮਿਲ ਹੈ

A. ਖੇਤੀਬਾੜੀ

B. ਲਘੂ ਇਕਾਈਆਂ

C. ਸਿੱਖਿਆ

**D. ਉਪਰੋਕਤ ਸਾਰੇ**

12. ਸੁਰੱਖਿਅਤ ਜਮ੍ਹਾਂ ਲੋਕਰ ਦੀ ਸੁਵਿਧਾ ਦੇਣ ਦੇ ਬਦਲੇ ਵਿੱਚ ਬੈਂਕ ਗ੍ਰਾਹਕ ਤੋਂ ਕੀ ਪ੍ਰਾਪਤ ਕਰਦਾ ਹੈ?

A. ਕਮਿਸ਼ਨ

B. ਵਿਆਜ

**C. ਕਿਰਾਇਆ**

D. ਵਟਾਂਦਰਾ ਬਿੱਲ

13. ਬੈਂਕ ਤੋਂ ਕਰਜਾ ਪ੍ਰਾਪਤ ਕਰਨ ਦਾ ਪਹਿਲਾ ਪੜਾਅ ਕਿਹੜਾ ਹੈ?

**A. ਲੋਨ ਐਪਲੀਕੇਸ਼ਨ**

B. ਸਕਿਉਰਟੀ ਗਿਰਵੀ ਰੱਖਣਾ

C. ਗਰੰਟੀ

D. ਲਿਖਿਤ ਸਮਝੌਤਾ

14. ਕੋਲੇਟਰਲ ਸਕਿਉਰਿਟੀ ਦਾ ਅਰਥ ਹੈ

A. ਅੰਸ਼ ਅਤੇ ਰਿਣ ਪੱਤਰ

B. ਗਿਰਵੀ ਰੱਖਿਆ ਗਿਆ ਮਾਲ

**C. ਵਾਧੂ ਸਕਿਉਰਿਟੀ**

D. ਉਪਰੋਕਤ ਵਿੱਚੋਂ ਕੋਈ ਨਹੀਂ

15. ਹੇਠ ਲਿਖਿਆਂ ਵਿੱਚੋਂ ਕਿਸਨੂੰ ਬੈਂਕ ਕਰਜਾ ਦੇਣ ਤੋਂ ਗੁਰੇਜ਼ ਕਰਦਾ ਹੈ?

A. ਵਿਆਹੁਤਾ ਔਰਤ

**B. ਨਾਬਾਲਗ**

C. ਏਕਲ ਵਿਵਸਾਈ

D. ਸਾਂਝੇਦਾਰੀ ਫਰਮ

**ਖਾਲੀ ਸਥਾਨ ਭਰੋ।**

16. ਬੈਂਕ ਜਮ੍ਹਾਂ ਲੋਕਰ ਦੀ ਸੁਵਿਧਾ ਦੇ ਬਦਲੇ ਗ੍ਰਾਹਕ ਬੈਂਕ ਨੂੰ ............ ਚੁਕਾਉਂਦਾ ਹੈ। (ਕਮਿਸ਼ਨ / **ਕਿਰਾਇਆ**)

17. ਓਵਰਡਰਾਫਟ ਸੁਵਿਧਾ ਵਿਅਕਤੀ ਦੇ ............ ਦੇ ਨਕਦ ਪ੍ਰਵਾਹ ਦੇ ਮੁੱਦਿਆਂ ਨੂੰ ਹੱਲ ਕਰਨ ਵਿੱਚ ਸਹਾਇਤਾ ਕਰਦੀ ਹੈ। (ਲੰਬੇ ਸਮੇਂ / **ਥੋੜੇ ਸਮੇਂ**)

18. ਨਿਵੇਸ਼ ਸਲਾਹ ਦੇਣ ਦੇ ਬਦਲੇ ਮਾਹਿਰ ਨਿਵੇਸ਼ਕ ਤੋਂ.......... ਪ੍ਰਾਪਤ ਕਰਦੇ ਹੈ। ( **ਫੀਸ** / ਨਕਦ ਤੋਹਫੇ)

19. ਸੁਰੱਖਿਅਤ ਕਰਜੇ ਦੀ ਵਿਆਜ ਦਰ ਅਸੁਰੱਖਿਅਤ ਕਰਜੇ ਨਾਲੋਂ ............. ਹੁੰਦੀ ਹੈ। ( **ਘੱਟ** / ਵੱਧ)

20. ਪਲਾਂਟ ਅਤੇ ਮਸ਼ੀਨਰੀ ............ ਸੰਪੱਤੀਆਂ ਹਨ। (ਚੱਲ / **ਅਚੱਲ**)

21. ਏ ਟੀ ਐਮ ਸੁਵਿਧਾ ............ ਉਪਲਬਧ ਹੁੰਦੀ ਹੈ। ( ਛੁੱਟੀਆਂ ਦੌਰਾਨ / **24 ਘੰਟੇ** )

22. ਘਰ ਲਈ ਵਿੱਤ ........... ਲਈ ਦਿੱਤਾ ਜਾਂਦਾ ਹੈ। (**ਘਰ ਬਣਾਉਣ** / ਉੱਚ ਸਿੱਖਿਆ)

23. ਮਨੀ ਲਾਂਡਰਿੰਗ ਨੂੰ ਨਿਯੰਤਰਿਤ ਕਰਨ ਲਈ .............. ਪੇਸ਼ ਕੀਤਾ ਗਿਆ ਸੀ। (ਆਪਣੇ ਨਕਦ ਨੂੰ ਜਾਣੋ / **ਆਪਣੇ ਗ੍ਰਾਹਕ ਨੂੰ ਜਾਣੋ**)

24. ਕਿਰਾਇਆ ਖਰੀਦ ਸਮਝੌਤੇ ਦੇ ਸਮੇਂ ਅਦਾ ਕੀਤੀ ਰਕਮ ਨੂੰ ........ ਕਿਹਾ ਜਾਂਦਾ ਹੈ। (ਕਿਸ਼ਤ / **ਮੁਢਲੀ ਅਦਾਇਗੀ**)

25. ਨਕਦ ਕਰੈਡਿਟ ਸੁਵਿਧਾ ਕਿਸੇ ਵਪਾਰਕ ਸੰਗਠਨ ਨੂੰ ........... ਦੀਆਂ ਜ਼ਰੂਰਤਾ ਨੂੰ ਪੁਰਾ ਕਰਨ ਲਈ ਦਿੱਤੀ ਜਾਂਦੀ ਹੈ। (ਸਥਾਈ ਪੂੰਜੀ /**ਕਾਰਜਸ਼ੀਲ ਪੂੰਜੀ** )

26. ........... ਇੱਕ ਹਦਾਇਤ ਹੈ ਜੋ ਇੱਕ ਬੈਂਕ ਖਾਤਾ ਧਾਰਕ ਆਪਣੇ ਬੈਂਕ ਨੂੰ ਕਿਸੇ ਹੋਰ ਦੇ ਖਾਤੇ ਵਿੱਚ ਨਿਯਮਤ ਅੰਤਰਾਲਾਂ ਤੇ ਇੱਕ ਨਿਰਧਾਰਤ ਰਕਮ ਦਾ ਭੁਗਤਾਨ ਕਰਨ ਲਈ ਦਿੰਦਾ ਹੈ। (ਚੈੱਕ / **ਸਥਾਈ ਨਿਰਦੇਸ਼**)

27. ਮੌਰਟਗੇਜ ਅਧੀਨ ਕਰਜ਼ਾ ............. ਦੇ ਵਿਰੁੱਧ ਪ੍ਰਦਾਨ ਕੀਤਾ ਜਾਂਦਾ ਹੈ। (ਚੱਲ ਸੰਪਤੀ / **ਅਚੱਲ ਸੰਪਤੀ**)

28. ਬੈਂਕ ਦੁਆਰਾ ਕਰਜੇ ਦੇ ਬਦਲੇ ਗ੍ਰਾਹਕ ਤੋਂ ਪ੍ਰਾਪਤ ਕੀਤੀ ਗਈ ਵਾਧੂ ਸਕਿਉਰਿਟੀ ਨੂੰ ............ ਕਿਹਾ ਜਾਂਦਾ ਹੈ। ( **ਕੋਲੇਟਰਲ ਸਕਿਉਰਿਟੀ** / ਮੁੱਖ ਸਕਿਉਰਿਟੀ )

29. ਪਲੈਜ ਦੇ ਇਕਰਾਰਨਾਮੇ ਵਿੱਚ ਪਲੈਜੀ .......... ਨੂੰ ਕਿਹਾ ਜਾਂਦਾ ਹੈ। (ਕਰਜਦਾਰ / **ਕਰਜਦਾਤਾ**)

30. ਇੰਡੈਮਨਿਟੀ ਦੇ ਇਕਰਾਰਨਾਮੇ ਵਿੱਚ ......... ਪਾਰਟੀਆਂ ਸ਼ਾਮਿਲ ਹੁੰਦਿਆਂ ਹਨ। ( **ਦੋ** / ਤਿੰਨ)

**ਸਹੀ / ਗਲਤ**

31. ਬੈਂਕਾਂ ਵੱਲੋਂ ਉਦਯੋਗਾ ਨੂੰ ਕਰਜ਼ਾ ਦੇਣ ਤੇ ਦੇਸ਼ ਦੇ ਆਰਥਿਕ ਵਿਕਾਸ ਵਿੱਚ ਵਾਧਾ ਹੁੰਦਾ ਹੈ । ( **ਸਹੀ** / ਗਲਤ)
32. ਕਿਰਾਇਆ ਖਰੀਦ ਪ੍ਰਣਾਲੀ ਵਿੱਚ ਸਿਰਫ਼ ਵਿਆਜ ਹੀ ਟੈਕਸ ਕਟੌਤੀ ਲਈ ਮੰਨਣਯੋਗ ਹੁੰਦਾ ਹੈ । (**ਸਹੀ** / ਗਲਤ )
33. ਅਸੁਰੱਖਿਅਤ ਕਰਜ਼ੇ ਦੀ ਵਿਆਜ ਦੀ ਦਰ ਸੁਰੱਖਿਅਤ ਕਰਜ਼ੇ ਨਾਲੋਂ ਘੱਟ ਹੁੰਦੀ ਹੈ। (ਸਹੀ / **ਗਲਤ**)
34. ਵਪਾਰੀ ਬੈਂਕ ਬਿਮਾਰ ਉਦਯੋਗਿਕ ਇਕਾਈਆਂ ਨੂੰ ਸਲਾਹ ਪ੍ਰਦਾਨ ਕਰਦੇ ਹਨ। ( **ਸਹੀ** / ਗਲਤ)
35. ਸਿੱਖਿਆ ਲੋਨ ਵਿਦਿਆਰਥੀਆਂ ਨੂੰ ਉਹਨਾਂ ਦੀ ਉਚੇਰੀ ਸਿੱਖਿਆ ਪੂਰੀ ਕਰਨ ਲਈ ਦਿੱਤਾ ਜਾਂਦਾ ਹੈ । ( **ਸਹੀ** / ਗਲਤ)
36. ਮਿਊਚਲ ਫੰਡਾਂ ਵਿਚ ਨਿਵੇਸ਼ ਆਮਦਨ ਦਾ ਇੱਕ ਵਧੀਆ ਸਰੋਤ ਹੈ । (**ਸਹੀ** / ਗਲਤ)
37. ਲੋਣ ਅਰਜੀ ਤੋਂ ਗ੍ਰਾਹਕ ਸੰਬੰਧੀ ਬੈਂਕ ਨੂੰ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ( ਸਹੀ / **ਗਲਤ**)
38. ਸੁਰੱਖਿਅਤ ਜਮ੍ਹਾਂ ਲੋਕਰ ਵਿੱਚ ਰੱਖਿਆ ਸਮਾਨ ਅਸੁਰੱਖਿਅਤ ਰਹਿੰਦਾ ਹੈ। ( ਸਹੀ / **ਗਲਤ**)
39. ਘਰ ਲਈ ਵਿੱਤ ਦੀ ਸੁਵਿਧਾ ਦੇਸ਼ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਵਿੱਚ ਇੱਕ ਅਹਿਮ ਭੂਮਿਕਾ ਨਿਭਾਉਂਦੀ ਹੈ। ( **ਸਹੀ** / ਗਲਤ)
40. ਨਾਬਾਲਿਗ ਨਾਲ ਕੀਤਾ ਗਿਆ ਇਕਰਾਰਨਾਮਾ ਵੈਧ ਹੁੰਦਾ ਹੈ । ( ਸਹੀ / **ਗਲਤ**)
41. ਨਿਵੇਸ਼ ਸਲਾਹ ਮਾਹਿਰਾਂ ਦੁਆਰਾ ਦਿੱਤੀ ਜਾਂਦੀ ਹੈ । ( **ਸਹੀ** / ਗਲਤ)
42. ਓਵਰਡਰਾਫਟ ਦੀ ਸਹੂਲਤ ਚਾਲੂ ਖਾਤੇ ਪਰ ਦਿੱਤੀ ਜਾਂਦੀ ਹੈ। ( **ਸਹੀ** / ਗਲਤ)
43. ਕਿਸੇ ਵਿਅਕਤੀ ਨੂੰ ਸਹੀ ਤਰੀਕੇ ਨਾਲ ਪੈਸਾ ਨਿਵੇਸ਼ ਕਰਨ ਲਈ ਮਾਰਗਦਰਸ਼ਨ ਕਰਨਾ ਨਿਵੇਸ਼ ਸਲਾਹ ਕਹਾਉਂਦਾ ਹੈ। ( **ਸਹੀ** / ਗਲਤ)
44. ਗੋਲਡ ਲੋਨ ਪਲੈਜ ਦੀ ਇੱਕ ਆਮ ਉਦਾਹਰਣ ਹੈ। ( **ਸਹੀ** / ਗਲਤ)
45. ਫੌਰਨ ਐਕਸਚੇਂਜ ਵਿਕਾਸਸ਼ੀਲ ਦੇਸ਼ਾ ਨੂੰ ਉਹਨਾਂ ਦੇ ਆਰਥਿਕ ਵਿਕਾਸ ਨੂੰ ਮਜ਼ਬੂਤ ਕਰਨ ਵਿੱਚ ਮਦਦ ਨਹੀਂ ਕਰਦਾ। ( ਸਹੀ / **ਗਲਤ**)

**ਸਹੀ ਮਿਲਾਣ ਕਰੋ ।**

46. ਮਿਲਾਨ ਕਰੋ

| | |
|---|---|
| A. **ਬਾਲਗ** | a. ਅਠਾਰਾਂ ਸਾਲ ਤੋਂ ਘੱਟ ਉਮਰ ਦੇ ਵਿਅਕਤੀ |
| B. ਨਾਬਾਲਗ | b. **ਅਠਾਰਾਂ ਸਾਲ ਤੋਂ ਵੱਧ ਉਮਰ ਦੇ ਵਿਅਕਤੀ** |

47. ਮਿਲਾਣ ਕਰੋ

| | |
|---|---|
| A. **ਪੱਟਾਦਾਤਾ** | a. ਸੰਪੱਤੀ ਦਾ ਵਰਤੋਂ ਕਰਤਾ |
| B. ਪੱਟਾ ਪ੍ਰਾਪਤਕਰਤਾ | b. **ਸੰਪਤੀ ਦਾ ਮਾਲਕ** |

48. ਮਿਲਾਣ ਕਰੋ

A. **ਏ ਟੀ ਐਮ** a. ਆਪਣੇ ਗ੍ਰਾਹਕ ਨੂੰ ਜਾਣੋਂ

B. ਕੇ ਵਾਈ ਸੀ b. **ਆਟੋਮੇਟਿਡ ਟੈਲਰ ਮਸ਼ੀਨ**

49. ਮਿਲਾਣ ਕਰੋ

A. **ਕਾਰ ਲੋਨ** a. **ਹਾਈਪੋਥੇਕੇਸ਼ਨ**

B. ਹੋਮ ਲੋਨ b. ਮੋਰਟਗੇਜ

50. ਮਿਲਾਣ ਕਰੋ

A .**ਸੁਰੱਖਿਅਤ ਕਰਜੇ** a. ਵਿਆਜ ਦਰ ਵੱਧ ਹੁੰਦੀ ਹੈ।

B. ਅਸੁਰੱਖਿਅਤ ਕਰਜੇ b. **ਵਿਆਜ ਦਰ ਘੱਟ ਹੁੰਦੀ ਹੈ।**

51. ਮਿਲਾਣ ਕਰੋ

A. **ਪ੍ਰਮੁੱਖ ਕਰਜ਼ਦਾਰ** a. ਜੋ ਵਿਅਕਤੀ ਗਰੰਟੀ ਦਿੰਦਾ ਹੈ।

B. ਗਰੰਟਰ b. **ਜਿਸ ਵਿਅਕਤੀ ਦੀ ਗਾਰੰਟੀ ਦਿੱਤੀ ਜਾਂਦੀ ਹੈ।**

52. ਮਿਲਾਣ ਕਰੋ ।

A. **ਕਿਰਾਇਆ ਖਰੀਦ ਪ੍ਰਣਾਲੀ** a. **ਸਮਝੋਤਾ ਪੂਰਾ ਹੋਣ ਉਪਰੰਤ ਸੰਪਤੀ ਦੀ ਮਲਕੀਅਤ ਹਸਤਾਂਤਰਿਤ ਹੋ ਜਾਂਦੀ ਹੈ ।**

B. ਪੱਟਾ b. ਸਮਝੋਤਾ ਪੂਰਾ ਹੋਣ ਉਪਰੰਤ ਸੰਪਤੀ ਦੀ ਮਲਕੀਅਤ ਹਸਤਾਂਤਰਿਤ ਨਹੀਂ ਹੁੰਦੀ ।

53. ਮਿਲਾਣ ਕਰੋ ।

A. **ਇੰਡੈਮਨਿਟੀ ਦਾ ਇਕਰਾਰਨਾਮਾ** a. ਭਾਰਤੀ ਕੰਟਰੈਕਟ ਐਕਟ, 1872 ਦੀ ਧਾਰਾ 126 ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ।

B. ਗਰੰਟੀ ਦਾ ਇਕਰਾਰਨਾਮਾ b. **ਭਾਰਤੀ ਕੰਟਰੈਕਟ ਐਕਟ, 1872 ਦੀ ਧਾਰਾ 124 ਵਿਚ ਪਰਿਭਾਸ਼ਤ ਕੀਤਾ ਗਿਆ ਹੈ ।**

54. ਮਿਲਾਣ ਕਰੋ ।

A. **ਖੁੱਲੇ ਅੰਤ ਵਾਲੇ ਮਿਊਚਲ ਫੰਡ** a. ਨਿਵੇਸ਼ ਕਰਨ ਦੀ ਨਿਸ਼ਚਿਤ ਸਮਾਂ ਸੀਮਾ।

B. ਬੰਦ ਅੰਤ ਵਾਲੇ ਮਿਊਚਲ ਫੰਡ b. **ਨਿਵੇਸ਼ ਕਰਨ ਦੀ ਕੋਈ ਨਿਸ਼ਚਿਤ ਸਮਾਂ ਸੀਮਾ ਨਹੀਂ ।**

55. ਮਿਲਾਣ ਕਰੋ।

A. **ਪਲੈਜ** a. **ਸੰਪਤੀ ਦਾ ਕਬਜ਼ਾ ਕਰਜਦਾਤਾ ਕੋਲ ਰਹਿੰਦਾ ਹੈ।**

B. ਮੋਰਟਗੇਜ b. ਸੰਪਤੀ ਦਾ ਕਬਜ਼ਾ ਕਰਜਦਾਰ ਕੋਲ ਰਹਿੰਦਾ ਹੈ।

56. ਮਿਲਾਣ ਕਰੋ।

A. **ਫੌਰਨ ਐਕਸਚੇਂਜ ਦਾ ਲਾਭ** a. ਕਾਨੂੰਨੀ ਘਾਟ

B. ਫੌਰਨ ਐਕਸਚੇਂਜ ਦੀ ਕਮੀ b. **ਵੱਧ ਤਰਲਤਾ**

57. ਮਿਲਾਣ ਕਰੋ।

A. **ਵਿੱਤੀ ਪੱਟਾ** a. ਸੰਪਤੀ ਸੰਬੰਧੀ ਜੋਖਿਮ ਪੱਟਾਦਾਤਾ ਚੁੱਕਦਾ ਹੈ।

B. ਓਪਰੇਟਿੰਗ ਪੱਟਾ b. **ਸੰਪਤੀ ਸੰਬੰਧੀ ਜੋਖਿਮ ਪੱਟਾ ਪ੍ਰਾਪਤ ਕਰਤਾ ਚੁੱਕਦਾ ਹੈ।**

58. ਮਿਲਾਣ ਕਰੋ

A. **ਪੂਰਨ ਸੁਰੱਖਿਅਤ ਕਰਜ਼ੇ** a. ਸਕਿਉਰਟੀ ਦਾ ਮੁੱਲ ਕਰਜ਼ੇ ਦੀ ਰਕਮ ਤੋਂ ਘੱਟ ਹੁੰਦਾ ਹੈ।

B. ਅੰਸ਼ਿਕ ਸੁਰੱਖਿਅਤ ਕਰਜ਼ੇ b. **ਸਕਿਉਰਟੀ ਦਾ ਮੁੱਲ ਕਰਜ਼ੇ ਦੀ ਰਕਮ ਦੇ ਬਰਾਬਰ ਹੁੰਦਾ ਹੈ।**

59. ਮਿਲਾਣ ਕਰੋ

A. **ਪ੍ਰਾਥਮਿਕ ਲੋਨ** a. ਉਦਯੋਗਿਕ ਖੇਤਰ ਨੂੰ ਦਿੱਤੇ ਗਏ ਲੋਨ

B. ਕਮਰਸ਼ੀਅਲ ਲੋਨ b. **ਕਿਸਾਨਾਂ, ਲਘੂ ਉਦਯੋਗਾਂ ਸਿੱਖਿਆ ਖੇਤਰ ਆਦਿ ਨੂੰ ਦਿੱਤੇ ਗਏ ਲੋਨ**

60. ਮਿਲਾਣ ਕਰੋ

A. **ਪਲੈਜੀ** a. ਕਰਜਦਾਰ

B. ਪਲੈਜਰ b. **ਕਰਜਦਾਤਾ**

**ਭਾਗ - II**

**ਬਹੁਤ ਛੋਟੇ ਉਤੱਰ ਵਾਲੇ ਪ੍ਰਸ਼ਨ**

61. ਸੁਰੱਖਿਅਤ ਜਮ੍ਹਾਂ ਲੋਕਰ ਪਰ ਨੋਟ ਲਿਖੋ।

62. ਆਰਥਿਕ ਜਮਾਨਤ ਤੋਂ ਕੀ ਭਾਵ ਹੈ?

63. ਪੱਟਾਦਾਤਾ ਕੌਣ ਹੁੰਦਾ ਹੈ?

64. ਕਿਰਾਇਆ ਖਰੀਦ ਪ੍ਰਣਾਲੀ ਤੋ ਕੀ ਭਾਵ ਹੈ?

65. ਕੇ ਵਾਈ ਸੀ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਦੱਸੋ।

66. ਮਕਾਨ ਵਿੱਤ ਕਿਸ ਨੂੰ ਕਿਹਾ ਜਾਂਦਾ ਹੈ ?

67. ਸੁਰੱਖਿਅਤ ਕਰਜੇ ਕਿਹੜੇ ਕਰਜੇ ਹੁੰਦੇ ਹਨ?

68. ਆਟੋਮੇਟਿਡ ਟੈਲਰ ਮਸ਼ੀਨ ਪਰ ਨੋਟ ਲਿਖ।

69. ਵਪਾਰੀ ਬੈਂਕਾਂ ਦੁਆਰਾ ਪ੍ਰਦਾਨ ਕੀਤੀ ਜਾਣ ਵਾਲੀ ਕਿਸੇ ਇੱਕ ਸੇਵਾ ਬਾਰੇ ਲਿਖੋ।

70. ਨਾਬਾਲਿਗ ਕੋਣ ਹੁੰਦਾ ਹੈ?

71. ਕਰਜੇ ਲਈ ਅਰਜੀ ਤੋਂ ਕੀ ਭਾਵ ਹੈ?

72. ਫੋਰਨ ਐਕਸਚੇਂਜ ਕੀ ਹੈ?

73. ਨਿਵੇਸ਼ ਸਲਾਹ ਕੀ ਹੈ?

74. ਫੈਕਟਰਿੰਗ ਵਿੱਚ ਫੈਕਟਰ ਕੌਣ ਹੁੰਦਾ ਹੈ?

75. ਮੋਰਟਗੇਜ ਚਾਰਜ ਕੀ ਹੈ?

76. ਕੋਲੇਟਰਲ ਸਕਿਉਰਿਟੀ ਤੋਂ ਕੀ ਭਾਵ ਹੈ?

77. ਸਥਾਈ ਨਿਰਦੇਸ਼ ਸੁਵਿਧਾ ਦਾ ਪ੍ਰਯੋਗ ਕਿੱਥੇ ਕੀਤਾ ਜਾ ਸਕਦਾ ਹੈ?

78. ਮਿਉਚੁਅਲ ਫੰਡ ਕੀ ਹੈ?

79. ਇੰਡੈਮਨਿਟੀ ਦੇ ਇਕਰਾਰਨਾਮੇ ਵਿੱਚ ਸ਼ਾਮਿਲ ਪਾਰਟੀਆਂ ਦੇ ਨਾਮ ਲਿਖੋ।

80. ਬੈਂਕਾਂ ਦੁਆਰਾ ਪ੍ਰਦਾਨ ਕੀਤੇ ਜਾਂਦੇ ਕਿਸੇ ਵੀ ਦੋ ਕਿਸਮ ਦੇ ਕਰਜ਼ਿਆਂ ਬਾਰੇ ਲਿਖੋ।

## ਭਾਗ - III

## ਛੋਟੇ ਉਤੱਰ ਵਾਲੇ ਪ੍ਰਸ਼ਨ

81. ਵਪਾਰੀ ਬੈਂਕਿੰਗ ਦੀਆਂ ਕੋਈ ਚਾਰ ਵਿਸ਼ੇਸ਼ਤਾਵਾ ਲਿਖੋ।

82. ਸਥਾਈ ਨਿਰਦੇਸ਼ਾਂ ਦੇ ਕੋਈ ਚਾਰ ਲਾਭ ਲਿਖੋ।

83. ਆਟੋਮੇਟਿਡ ਟੈਲਰ ਮਸ਼ੀਨ ਦੇ ਲਾਭਾਂ ਦਾ ਵਰਣਨ ਕਰੋ।

84. ਮਿਉਚਲ ਫੰਡਾਂ ਵਿੱਚ ਨਿਵੇਸ਼ ਕਰਨ ਦੇ ਕੀ ਲਾਭ ਹਨ?

85. ਕਿਰਾਇਆ ਖਰੀਦ ਪ੍ਰਣਾਲੀ ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਲਿਖੋ।

86. ਗਰੰਟੀ ਦੇ ਇਕਰਾਰਨਾਮੇ ਅਤੇ ਇੰਡੈਮਨੀਟੀ ਦੇ ਇਕਰਾਰਨਾਮੇ ਵਿੱਚ ਅੰਤਰ ਸਪਸ਼ਟ ਕਰੋ।

87. ਘਰ ਲਈ ਵਿੱਤ ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਲਿਖੋ।

88. ਸੁਰੱਖਿਅਤ ਜਮ੍ਹਾਂ ਲੋਕਰ ਗ੍ਰਾਹਕ ਲਈ ਲਾਹੇਵੰਦ ਕਿਵੇਂ ਹੈ?

89. ਫੋਰਨ ਐਕਸਚੇਂਜ ਦੇ ਲਾਭਾਂ ਦਾ ਵਰਣਨ ਕਰੋ।

90. ਲੋਣ ਅਰਜ਼ੀ ਬੈਂਕਾਂ ਲਈ ਲਾਭਦਾਇਕ ਕਿਵੇਂ ਹੈ?

91. ਪੱਟੇ ਸਮਝੌਤੇ ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਲਿਖੋ ।

92. 'ਉਧਾਰ ਦੇਣਾ' ਬੈਂਕਾਂ ਲਈ ਮਹੱਤਵਪੂਰਨ ਕਿਉਂ ਹੈ?

93. ਓਵਰਡਰਾਫਟ ਸੁਵਿਧਾ ਪਰ ਨੋਟ ਲਿਖੋ।

94. ਪ੍ਰਾਥਮਿਕ ਸੈਕਟਰ ਕਰਜੇ ਕਿਹੜੇ ਹੁੰਦੇ ਹਨ?

95. ਕੇ ਵਾਈ ਸੀ ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਲਿਖੋ।

96. ਫੌਰਨ ਐਕਸਚੇਂਜ ਲੈਣ- ਦੇਣ ਵਿੱਚ ਉਧਾਰ ਪਤੱਰ ਦੀ ਮਹੱਤਤਾ ਦਸੋ।

97. ਬੈਂਕ ਦੇ ਕਿਸੇ ਚਾਰ ਤਰ੍ਹਾਂ ਦੇ ਕਰਜ਼ਦਾਰਾਂ ਦੀ ਵਿਆਖਿਆ ਕਰੋ।

98. ਮੁੱਖ ਸਕਿਉਰਿਟੀ ਤੋਂ ਕੀ ਭਾਵ ਹੈ?

99. ਗਰੰਟਰ ਦੇ ਕੋਈ ਚਾਰ ਅਧਿਕਾਰ ਲਿਖੋ।

100. ਫੈਕਟਰਿੰਗ ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਲਿਖੋ ।

**Group - Business and Commerce**
**Trade - Banking & Financial Services**
**Subject – Managerial Economics & Statistics – 215**
**Class- 10+2**

**ਭਾਗ - I**

**ਬਹੁ- ਵਿਕਲਪ ਪ੍ਰਸ਼ਨ**

1. ਅਰਥ-ਸ਼ਾਸਤਰ ਦੀ ਉਹ ਸ਼ਾਖਾ ਜੋ ਵਪਾਰ ਦੇ ਪ੍ਰਬੰਧ ਨਾਲ ਸੰਬੰਧ ਰੱਖਦੀ ਹੈ ਨੂੰ ......... ਕਹਿੰਦੇ ਹਨ।
   - A. ਪ੍ਰਬੰਧ ਲਈ ਅਰਥਸ਼ਾਸਤਰ
   - **B. ਪ੍ਰਬੰਧਕੀ ਅਰਥਸ਼ਾਸਤਰ**
   - C. ਪ੍ਰਬੰਧ ਵਿੱਚ ਅਰਥਸ਼ਾਸਤਰ
   - D. ਵਪਾਰਕ ਪ੍ਰਬੰਧ

2. ਮੰਗ ਦਾ ਨਿਯਮ ਕੀਮਤ ਅਤੇ ਮੰਗ ਵਿੱਚ ਕਿਹੜਾ ਸੰਬੰਧ ਦਰਸਾਉਂਦਾ ਹੈ?
   - A. ਸਿੱਧਾ
   - **B. ਉਲਟਾ**
   - C. ਅਨੁਪਾਤਕ
   - D. ਉਪਰੋਕਤ ਵਿੱਚੋਂ ਕੋਈ ਨਹੀਂ

3. ਜਦੋਂ ਕੁੱਲ ਉਪਯੋਗਤਾ ਵੱਕਰ ਡਿੱਗਣ ਲੱਗਦਾ ਹੈ ਤਾਂ ਸੀਮਾਂਤ ਉਪਯੋਗਤਾ ਹੁੰਦੀ ਹੈ
   - A. ਇਕਾਈ
   - **B. ਰਿਣਾਤਮਕ**
   - C. ਸਿਫ਼ਰ
   - D. ਧਨਾਤਮਕ

4. ਕੇਂਦਰੀ ਪਰਵਿਰਤੀ ਦੇ ਮਾਪ ਕਿਹੜੇ ਹਨ?
   - A. ਔਸਤ
   - B. ਬਹੁਲਕ
   - C. ਮਧਿਅਕਾ
   - **D. ਉਪਰੋਕਤ ਸਾਰੇ**

5. ਸੂਚਕ ਅੰਕ ਦੀ ਤਕਨੀਕ ਦੀ ਖੋਜ ਕੀਤੀ ਸੀ

A. ਫਿਸ਼ਰ ਨੇ

**B. ਬਿਸ਼ਪ ਫਲੀਟਵੁਡ ਨੇ**

C. ਜੇਵੰਸ ਨੇ

D. ਏਜਜਵਰਥ ਨੇ

6. ਹੇਠ ਲਿਖੀਆਂ ਵਿੱਚੋਂ ਕਿਹੜੀ ਜੋੜੀ ਪ੍ਰਤੀਸਥਾਪਨ ਦਾ ਉਦਾਹਰਣ ਹੈ?

A. ਕਾਰ ਅਤੇ ਪੈਟਰੋਲ

B. ਕਾਫ਼ੀ ਅਤੇ ਦੁੱਧ

**C. ਲਿਮਕਾ ਅਤੇ ਪੈਪਸੀ**

D. ਉਪਰੋਕਤ ਸਾਰੇ

7. ਉਹ ਵਿਅਕਤੀ ਜਿਹੜਾ ਆਪਣੀਆਂ ਜ਼ਰੂਰਤਾਂ ਦੀ ਸੰਤੁਸ਼ਟੀ ਦੇ ਲਈ ਵਸਤੂਆਂ ਅਤੇ ਸੇਵਾਵਾਂ ਦਾ ਪ੍ਰਯੋਗ ਕਰਦਾ ਹੈ ਉਸਨੂੰ .... ਕਹਿੰਦੇ ਹਨ

**A. ਉਪਭੋਗਤਾ**

B. ਉਤਪਾਦਕ

C. ਨਿਵੇਸ਼ਕ

D. ਉਪਰੋਕਤ ਵਿੱਚੋਂ ਕੋਈ ਨਹੀਂ

8. ਮੱਧ ਵਿਚਲਣ ਦੀ ਗਣਨਾ ਕਿਸ ਦੀ ਮਦਦ ਨਾਲ ਕੀਤੀ ਜਾ ਸਕਦੀ ਹੈ?

A. ਮੱਧਮਾਨ

B. ਮਾਧਿਅਕ

C. ਬਹੁਲਕ

**D. ਉਪਰੋਕਤ ਸਾਰੇ**

9. ਸੰਖਿਆਤਮਕ ਅੰਕੜਿਆਂ ਦੇ ਸਮੂਹ ਨੂੰ ਕਿਹਾ ਜਾਂਦਾ ਹੈ

**A. ਸਾਂਖਿਅਕੀ**

B. ਅੰਕੜਿਆਂ ਦਾ ਸੰਕਲਨ

C. ਅੰਕੜਿਆਂ ਦਾ ਵਿਸ਼ਲੇਸ਼ਣ

D. ਅੰਕੜਿਆਂ ਦਾ ਸੰਗ੍ਰਹਿ

10. ਦੁੱਧ ਲਈ ਮੰਗ .......... ਹੈ।

**A. ਲੋਚਦਾਰ**

B. ਬੇਲੋਚਦਾਰ

C. ਘੱਟ ਲੋਚਦਾਰ

D. ਉਪਰੋਕਤ ਵਿੱਚੋਂ ਕੋਈ ਨਹੀਂ

11. ਮੰਗ ਸੂਚੀ ਨੂੰ ਰੇਖਾ ਚਿੱਤਰ ਦੁਆਰਾ ਦਰਸਾਉਣ ਨੂੰ ........ ਕਹਿੰਦੇ ਹਨ ।

A. ਵਿਅਕਤੀਗਤ ਮੰਗ

**B. ਮੰਗ ਵੱਕਰ**

C. ਬਜ਼ਾਰੀ ਮੰਗ

D. ਉਪਰੋਕਤ ਵਿੱਚੋਂ ਕੋਈ ਨਹੀਂ

12. ਕਿਸੇ ਵਸਤੂ ਜਾਂ ਸੇਵਾ ਵਿੱਚ ਮਨੁੱਖ ਦੀਆਂ ਜ਼ਰੂਰਤਾ ਨੂੰ ਸੰਤੁਸ਼ਟ ਕਰਨ ਦੇ ਗੁਣ ਜਾਂ ਸ਼ਕਤੀ ਨੂੰ ......... ਕਹਿੰਦੇ ਹਨ।

A. ਮੰਗ

**B. ਉਪਯੋਗਤਾ**

C. ਲਾਭਦਾਇਕਤਾ

D. ਸੰਤੁਲਨ

13. ਜਦੋਂ ਦੋ ਚਰਾਂ ਵਿੱਚ ਪਰਿਵਰਤਨ ਇਕ ਹੀ ਦਿਸ਼ਾ ਵਲ ਹੁੰਦਾ ਹੈ ਤਾਂ ਸਹਿ- ਸੰਬੰਧ

A. ਰਿਣਾਤਮਕ ਹੈ

**B. ਧਨਾਤਮਕ ਹੈ**

C. ਅਨੁਪਾਤਕ ਹੈ

D. ਉਪਰੋਕਤ ਵਿੱਚੋਂ ਕੋਈ ਨਹੀਂ

14. ਇੱਕ ਉੱਚ ਉਦਾਸੀਨ ਵੱਕਰ ਹੇਠਾਂ ਦਿੱਤੇ ਵਿੱਚੋਂ ਕਿਸ ਨੂੰ ਦਰਸਾਉਂਦਾ ਹੈ?

A. ਸੰਤੁਸ਼ਟੀ ਦਾ ਹੇਠਲਾ ਪੱਧਰ

**B. ਸੰਤੁਸ਼ਟੀ ਦਾ ਉੱਚ ਪੱਧਰ**

C. ਸੰਤੁਸ਼ਟੀ ਦਾ ਸਮਾਨ ਪੱਧਰ

D. ਸੰਤੁਸ਼ਟੀ ਦਾ ਉੱਚ ਜਾਂ ਸਮਾਨ ਪੱਧਰ

15. ਘੱਟਦੀ ਸੀਮਾਂਤ ਉਪਯੋਗਿਤਾ ਦੇ ਸਿਧਾਂਤ ਨੂੰ ........ ਵੀ ਕਿਹਾ ਜਾਂਦਾ ਹੈ।

A. ਅਧਿਕਤਮ ਸੰਤੁਸਟੀ ਦਾ ਨਿਯਮ

B. ਸੰਤੁਸਟੀ ਦਾ ਨਿਯਮ

**C. ਗੋਸੇਨ ਦਾ ਪਹਿਲਾ ਨਿਯਮ**

D. ਉਪਰੋਕਤ ਵਿੱਚੋਂ ਕੋਈ ਨਹੀਂ

**ਖਾਲੀ ਸਥਾਨ ਭਰੋ**

16. ਪ੍ਰਬੰਧਕੀ ਅਰਥਸ਼ਾਸਤਰ ਦਾ ਸੰਬੰਧ .......... ਦੇ ਪ੍ਰਬੰਧ ਨਾਲ ਹੈ। (**ਵਪਾਰ**/ ਵਿਗਿਆਪਨ )
17. ਇੱਕ ਵਿਅਕਤੀ ਜਾਂ ਫ਼ਰਮ ਜੋ ਵਿਕਰੀ ਲਈ ਵਸਤੂਆਂ ਅਤੇ ਸੇਵਾਵਾਂ ਦਾ ਉਤਪਾਦਨ ਕਰਦੇ ਹਨ, ਉਹਨਾਂ ਨੂੰ ............ ਕਿਹਾ ਜਾਂਦਾ ਹੈ। ( **ਉਤਪਾਦਕ**/ ਅਰਥਸ਼ਾਸਤਰੀ)
18. ਜੇਕਰ ਪੈਟਰੋਲ ਦੀ ਕੀਮਤ ਵੱਧ ਜਾਂਦੀ ਹੈ ਤਾਂ ਕਾਰਾਂ ਦੀ ਮੰਗ ......... ਹੋਵੇਗੀ। ( **ਘੱਟ** /ਵੱਧ )
19. ਜੋ ਆਪਣੀ ਲੋੜਾਂ ਨੂੰ ਪੂਰਾ ਕਰਨ ਲਈ ਅੰਤਿਮ ਵਸਤੂਆਂ ਅਤੇ ਸੇਵਾਵਾਂ ਦਾ ਪ੍ਰਯੋਗ ਕਰਦਾ ਹੈ ਉਸ ਨੂੰ ......... ਕਹਿੰਦੇ ਹਨ। (**ਉਪਭੋਗਤਾ** /ਉਤਪਾਦਕ)
20. ਉਦਾਸੀਨ ਵੱਕਰ ਦਾ ਸਿਧਾਂਤ ਸਭ ਤੋਂ ਪਹਿਲਾਂ ........... ਦੁਆਰਾ ਪੇਸ਼ ਕੀਤਾ ਗਿਆ ਸੀ। (**ਐਜਵਰਥ** / ਫਿਸ਼ਰ)
21. ਸਾਂਖਿਅਕੀ ਨੂੰ ............. ਅਰਥਾਂ ਵਿੱਚ ਪਰਿਭਾਸ਼ਿਤ ਕੀਤਾ ਜਾਂਦਾ ਹੈ । ( **ਦੋ** / ਤਿੰਨ)
22. ਵੱਖ- ਵੱਖ ਉਪਯੋਗਾਂ ਵਾਲੇ ਪਦਾਰਥਾਂ ਦੀ ਮੰਗ .......... ਹੁੰਦੀ ਹੈ ।( **ਲੋਚਦਾਰ** / ਬੇਲੋਚਦਾਰ)
23. ਸਾਰਨੀ ਵਿੱਚ ਸਭ ਤੋਂ ਵੱਧ ਆਉਣ ਵਾਲੇ ਮੁੱਲ ਨੂੰ......... ਕਿਹਾ ਜਾਂਦਾ ਹੈ । (ਔਸਤ / **ਬਹੁਲਕ**)
24. ਮੰਗ ਤਾਲਿਕਾ ਅਤੇ ਮੰਗ ਵੱਕਰ ........... ਸੂਚਨਾ ਦਿੰਦੇ ਹਨ। ( **ਸਮਾਨ** / ਅਸਮਾਨ)
25. ਚਤੁਰਥਕ ਇੱਕ ਲੜੀ ਨੂੰ ........... ਭਾਗਾਂ ਵਿੱਚ ਵੰਡਦਾ ਹੈ। ( **ਚਾਰ** / ਪੰਜ)
26. ਸਹਿ- ਸੰਬੰਧ ਵੱਖ- ਵੱਖ ਚਰਾਂ ਦੇ ਸੰਬੰਧ ਦੀ ਗਣਨਾ ............ ਹੈ। ( ਨਹੀਂ ਕਰ ਸਕਦਾ / **ਕਰਦਾ**)
27. .......... ਵਿਧੀ ਨੂੰ ਸੂਚਕਾਂਕ ਦੇ ਨਿਰਮਾਣ ਕਰਨ ਦੀ ਸਭ ਤੋਂ ਆਦਰਸ਼ ਵਿਧੀ ਕਿਹਾ ਜਾਂਦਾ ਹੈ । ( ਪਾਸਚੇ / **ਫਿਸ਼ਰ**)
28. ਹਰੇਕ ਮੰਗ ਵੱਕਰ ........... ਢਲਾਣ ਲੈਂਦਾ ਹੈ। ( **ਹੇਠਾਂ ਵੱਲ** / ਉਪਰ ਵੱਲ)
29. ਘੱਟਦੀ ਸੀਮਾਂਤ ਉਪਯੋਗਤਾ ਦਾ ਨਿਯਮ .......... ਨਾਲ ਸੰਬੰਧਤ ਹੈ । ( **ਉਪਭੋਗ** / ਉਤਪਾਦਨ)
30. ਕੀਮਤ ਵਿੱਚ ਪਰਿਵਰਤਨ ਹੋਣ ਤੇ ਜੇ ਮੰਗ ਵਿੱਚ ਪਰਿਵਰਤਨ ਆ ਜਾਂਦਾ ਹੈ ਤਾਂ ਮੰਗ ............ ਹੈ । ( **ਪੂਰਨ ਲੋਚਦਾਰ** / ਪੂਰਨ ਬੇਲੋਚਦਾਰ)

**ਸਹੀ / ਗਲਤ**

31. ਸਾਂਖਿਅਕੀ ਤੋਂ ਭਾਵ ਉਸ ਵਿਗਿਆਨ ਤੋਂ ਹੈ ਜੋ ਸੰਖਿਆਤਮਕ ਸੂਚਨਾਵਾਂ ਨੂੰ ਇਕੱਠਾ ਕਰਦਾ ਹੈ । (**ਸਹੀ** / ਗਲਤ)
32. ਤੁਸ਼ਟੀਗੁਣ ਕਿਸੇ ਵਸਤੂ ਜਾਂ ਸੇਵਾ ਦੀ ਉਹ ਸ਼ਕਤੀ ਹੈ ਜੋ ਕਿਸੇ ਲੋੜ ਨੂੰ ਪੂਰਾ ਕਰਦੀ ਹੈ । ( **ਸਹੀ** / ਗਲਤ)
33. ਪ੍ਰਬੰਧਕੀ ਅਰਥਸ਼ਾਸਤਰ ਸਮੂਹਵਾਦੀ ਅਤੇ ਵਿਅਕਤੀਵਾਦੀ ਦੋਨੋਂ ਅਰਥਸ਼ਾਸਤਰ ਹੈ। (ਸਹੀ / **ਗਲਤ**)
34. ਜਦੋਂ ਸੀਮਾਂਤ ਉਪਯੋਗਤਾ ਸਿਫ਼ਰ ਹੁੰਦੀ ਹੈ ਤਾਂ ਕੁੱਲ ਉਪਯੋਗਤਾ ਉੱਚਤਮ ਹੁੰਦੀ ਹੈ। (**ਸਹੀ** / ਗਲਤ)
35. ਪ੍ਰਤੀਸਥਾਪਨ ਵਸਤੂਆਂ ਦੀ ਮੰਗ ਬੇਲੋਚਦਾਰ ਹੁੰਦੀ ਹੈ। ( ਸਹੀ / **ਗਲਤ**)
36. ਸੂਚਕਾਂਕ ਰਾਹੀਂ ਕੀਮਤ ਪਧੱਰ ਵਿੱਚ ਹੋਣ ਵਾਲੇ ਪਰਿਵਰਤਨ ਨੂੰ ਮਾਪਿਆ ਜਾ ਸਕਦਾ ਹੈ। ( **ਸਹੀ** / ਗਲਤ)
37. ਕਾਰਲ ਪੀਅਰਸਨ ਸਹਿ -ਸੰਬੰਧ ਗੁਣਾਂਕ ਦਾ ਅਨੁਮਾਨ ਲਗਾਉਣ ਦੀ ਇੱਕ ਵਿਧੀ ਹੈ। ( **ਸਹੀ** / ਗਲਤ)
38. ਤਕਨੀਕ ਦੀ ਚੋਣ ਵਿੱਚ ਸਾਂਖਿਅਕੀ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ । ( **ਸਹੀ** / ਗਲਤ)
39. ਉਦਾਸੀਨ ਵੱਕਰ ਪਰ ਸਥਿਤ ਹਰੇਕ ਬਿੰਦੂ ਦੋ ਵਸਤੂਆਂ ਦੇ ਅਜਿਹੇ ਸੰਯੋਗਾ ਨੂੰ ਦਰਸਾਉਂਦਾ ਹੈ, ਜਿਸ ਨਾਲ ਕਿਸੇ ਉਪਭੋਗਤਾ ਨੂੰ ਸਮਾਨ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ। ( **ਸਹੀ** / ਗਲਤ)
40. ਮੰਗ ਵੱਕਰ ਦੀ ਢਲਾਣ ਧਨਾਤਮਕ ਹੁੰਦੀ ਹੈ । ( ਸਹੀ / **ਗਲਤ**)
41. ਦੋ ਜਾਂ ਦੋ ਤੋ ਵੱਧ ਸਮੂਹਾਂ ਅਤੇ ਲੜੀਆਂ ਵਿੱਚ ਨਿਸ਼ਚਿਤ ਸੰਬੰਧ ਨੂੰ ਸਹਿ - ਸੰਬੰਧ ਕਹਿੰਦੇ ਹਨ। ( **ਸਹੀ** / ਗਲਤ)
42. ਉਦਾਸੀਨ ਵੱਕਰ ਵਿਸ਼ਲੇਸ਼ਣ ਦੀਆਂ ਮਾਨਤਾਵਾਂ ਅਨੁਸਾਰ ਉਪਭੋਗਤਾ ਵਿਵੇਕਸ਼ੀਲ ਨਹੀਂ ਹੋਣਾ ਚਾਹੀਦਾ ਹੈ। ( ਸਹੀ / **ਗਲਤ**)
43. ਅਪਕਿਰਣ ਦੇ ਮਾਪ ਦਾ ਉਦੇਸ਼ ਲੜੀ ਦੇ ਮੱਧ ਤੋਂ, ਮਦਾਂ ਦੇ ਵੱਖ- ਵੱਖ ਮੁਲਾਂ ਦੀ ਔਸਤ ਦੂਰੀ ਗਿਆਤ ਕਰਨਾ ਹੈ। ( **ਸਹੀ** / ਗਲਤ)
44. ਮੱਧਿਕਾ ਇੱਕ ਲੜੀ ਨੂੰ ਚਾਰ ਭਾਗਾਂ ਵਿੱਚ ਵੰਡਦੀ ਹੈ। ( ਸਹੀ / **ਗਲਤ**)
45. ਜੇਕਰ ਪੈਟਰੋਲ ਦੀ ਕੀਮਤ ਵੱਧ ਜਾਂਦੀ ਹੈ ਤਾਂ ਕਾਰਾਂ ਦੀ ਮੰਗ ਵੱਧ ਹੋਵੇਗੀ। ( ਸਹੀ / **ਗਲਤ**)

**ਸਹੀ ਮਿਲਾਣ ਕਰੋ ।**

46. ਮਿਲਾਣ ਕਰੋ ।

| | |
|---|---|
| **A. ਚਾਹ ਅਤੇ ਕਾਫੀ** | a. ਪੂਰਕ ਵਸਤੂਆਂ |
| B. ਕਾਰ ਅਤੇ ਪੈਟਰੋਲ | **b. ਪ੍ਰਤੀਸਥਾਪਨ ਵਸਤੂਆਂ** |

47. ਮਿਲਾਣ ਕਰੋ।

| | |
|---|---|
| **A. ਜ਼ਰੂਰੀ ਵਸਤੂਆਂ ਦੀ ਮੰਗ** | a. ਲੋਚਦਾਰ |
| B. ਵਿਲਾਸਤਾ ਦੀਆਂ ਵਸਤੂਆਂ ਦੀ ਮੰਗ | **b. ਬੇਲੋਚਦਾਰ** |

48. ਮਿਲਾਣ ਕਰੋ ।

**A. ਗਿਫ਼ਨ ਵਸਤੂਆਂ** **a. ਧਨਾਤਮਕ ਕੀਮਤ ਪ੍ਰਭਾਵ**

B. ਸਾਧਾਰਣ ਵਸਤੂਆਂ b. ਰਿਣਾਤਮਕ ਕੀਮਤ ਪ੍ਰਭਾਵ

49. ਮਿਲਾਣ ਕਰੋ

**A. ਚਤੁਰਥਕ** a. ਇਸ ਦੁਆਰਾ ਲੜੀ ਨੂੰ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ।

B. ਮਧਿਅਕਾ **b. ਇਸ ਦੁਆਰਾ ਲੜੀ ਨੂੰ ਚਾਰ ਭਾਗਾਂ ਵਿੱਚ ਵੰਡਿਆ ਜਾਂਦਾ ਹੈ।**

50. ਮਿਲਾਣ ਕਰੋ ।

**A. ਜਦ ਸੀਮਾਂਤ ਉਪਯੋਗਤਾ ਸਿਫਰ ਹੁੰਦੀ ਹੈ** a. ਕੁੱਲ ਉਪਯੋਗਤਾ ਘਟੱਦੀ ਦਰ ਤੇ ਵੱਧਦੀ ਹੈ ।

B. ਜਦ ਸੀਮਾਂਤ ਉਪਯੋਗਤਾ ਘੱਟਦੀ ਹੈ **b. ਕੁੱਲ ਉਪਯੋਗਤਾ ਅਧਿਕਤਮ ਹੁੰਦੀ ਹੈ।**

51. ਮਿਲਾਣ ਕਰੋ।

A. **ਅਰਥਸ਼ਾਸਤਰ** a. ਆਰਥਿਕ ਸਿਧਾਂਤਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

B. ਪ੍ਰਬੰਧਕੀ ਅਰਥਸ਼ਾਸਤਰ **b. ਸਿਰਫ ਸਿਧਾਂਤਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।**

52. ਮਿਲਾਣ ਕਰੋ ।

A. **ਪੂਰਨ ਲੋਚਦਾਰ ਮੰਗ** a. ਜਦ ਕੀਮਤ ਵਿੱਚ ਤਬਦੀਲੀ ਹੋਣ ਤੇ ਮੰਗ ਵਿੱਚ ਕੋਈ ਤਬਦੀਲੀ ਨਹੀਂ ਹੁੰਦੀ।

B. ਪੂਰਨ ਬੇਲੋਚਦਾਰ ਮੰਗ **b. ਜਦ ਕੀਮਤ ਵਿੱਚ ਤਬਦੀਲੀ ਹੋਣ ਤੇ ਮੰਗ ਵਿੱਚ ਅਨੰਤ ਤਬਦੀਲੀ ਹੁੰਦੀ ਹੈ।**

53. ਮਿਲਾਣ ਕਰੋ ।

**A. ਕੇਂਦਰੀ ਪ੍ਰਵਿਰਤੀ ਦਾ ਮਾਪ** a. **ਬਹੁਲਕ**

B. ਅਪਿਕਰਣ ਦਾ ਮਾਪ b. ਪ੍ਰਮਾਪ ਵਿਚਲਨ

54. ਮਿਲਾਣ ਕਰੋ।

A. **ਜੇਕਰ r = +1** a. ਰਿਣਾਤਮਕ ਸਹਿ- ਸੰਬੰਧ

B. ਜੇਕਰ r = -1 **b. ਧਨਾਤਮਕ ਸਹਿ- ਸੰਬੰਧ**

55. ਮਿਲਾਣ ਕਰੋ ।

A. $\sum \mathbf{P}_0$ a. ਚਾਲੂ ਸਾਲ ਦੀਆਂ ਕੀਮਤਾਂ ਦਾ ਜੋੜ

B. $\sum P_1$ **b. ਆਧਾਰ ਸਾਲ ਦੀਆਂ ਕੀਮਤਾਂ ਦਾ ਜੋੜ**

56. ਮਿਲਾਣ ਕਰੋ ।

**A. ਉੱਚਾ ਉਦਾਸੀਨ ਵੱਕਰ** **a. ਸੰਤੁਸ਼ਟੀ ਦੇ ਉੱਚ ਪੱਧਰ ਨੂੰ ਦਰਸਾਉਂਦਾ ਹੈ ।**

B. ਹੇਠਲਾ ਉਦਾਸੀਨ ਵੱਕਰ b. ਘੱਟ ਸੰਤੁਸ਼ਟੀ ਨੂੰ ਦਰਸਾਉਂਦਾ ਹੈ।

57. ਮਿਲਾਣ ਕਰੋ ।

A. **ਸਾਂਖਿਅਕੀ ਦਾ ਕੰਮ** a. ਗੁਣਾਤਮਕ ਪੱਖ ਨੂੰ ਅਣਡਿੱਠ ਕਰਨਾ।

B. ਸਾਂਖਿਅਕੀ ਦੀ ਕਮੀ **b. ਤੱਥਾਂ ਨੂੰ ਸੰਖਿਆਵਾਂ ਦੇ ਰੂਪ ਵਿੱਚ ਪ੍ਰਗਟ ਕਰਨਾ।**

58. ਮਿਲਾਣ ਕਰੋ।

A. **ਮੰਗ ਦਾ ਨਿਯਮ** a. ਕੀਮਤ ਅਤੇ ਮੰਗ ਵਿੱਚ ਸਿੱਧਾ ਸੰਬੰਧ ਹੈ।

B. ਮੰਗ ਦਾ ਅਪਵਾਦ b. **ਕੀਮਤ ਅਤੇ ਮੰਗ ਵਿੱਚ ਉਲਟਾ ਸੰਬੰਧ ਹੈ।**

59. ਮਿਲਾਣ ਕਰੋ ।

A. **ਗਣਿਤਕ ਔਸਤ** a. Z

B. ਬਹੁਲਕ b. $\bar{X}$

60. ਮਿਲਾਣ ਕਰੋ ।

A. **ਸਮ- ਸੀਮਾਂਤ ਉਪਯੋਗਤਾ ਦਾ ਨਿਯਮ** a. ਗੋਸੇਨ ਦਾ ਪਹਿਲਾ ਨਿਯਮ

B. ਘਟੱਦੀ ਸੀਮਾਂਤ ਉਪਯੋਗਤਾ ਦਾ ਨਿਯਮ b. **ਗੋਸੇਨ ਦਾ ਦੂਜਾ ਨਿਯਮ**

**ਭਾਗ - II**

**ਬਹੁਤ ਛੋਟੇ ਉਤੱਰ ਵਾਲੇ ਪ੍ਰਸ਼ਨ**

61. ਉਦਾਸੀਨ ਵੱਕਰ ਕੀ ਹੈ?

62. ਘੱਟਦੇ ਸੀਮਾਂਤ ਤੁਸ਼ਟੀਗੁਣ ਦੇ ਨਿਯਮ ਦੀ ਵਿਆਖਿਆ ਕਰੋ।

63. ਮੰਗ ਦੀ ਕੀਮਤ ਲੋਚ ਤੋਂ ਕੀ ਭਾਵ ਹੈ?

64. ਪ੍ਰਬੰਧਕੀ ਅਰਥ-ਸ਼ਾਸਤਰ ਕੀ ਹੈ?

65. ਮੰਗ ਦੇ ਨਿਯਮ ਦੀ ਵਿਆਖਿਆ ਕਰੋ।

66. ਸੂਚਕਾਂਕ ਦੇ ਨਿਰਮਾਣ ਕਰਨ ਲਈ ਪ੍ਰਯੋਗ ਹੋਣ ਵਾਲੀ ਵਿਧਿਆਂ ਕਿਹੜੀਆਂ ਹਨ?

67. ਧਨਾਤਮਕ ਸਹਿ- ਸੰਬੰਧ ਤੋਂ ਕੀ ਭਾਵ ਹੈ?

68. ਸਾਂਖਿਅਕੀ ਤੋਂ ਕੀ ਭਾਵ ਹੈ?

69. ਮੰਗ ਦੀ ਕੀਮਤ ਲੋਚ ਨੂੰ ਮਾਪਣ ਦੀਆਂ ਵਿਧਿਆਂ ਦੇ ਨਾਮ ਲਿਖੋ।

70. ਅਪਿਕਰਣ ਦੇ ਮੁੱਖ ਮਾਪ ਕਿਹੜੇ ਹਨ?

71. ਉਦਾਸੀਨ ਵੱਕਰ ਵਿਸ਼ਲੇਸ਼ਣ ਦੀਆਂ ਕੋਈ ਦੋ ਮਾਨਤਾਵਾਂ ਲਿਖੋ।

72. ਪ੍ਰਬੰਧਕੀ ਅਰਥਸ਼ਾਸਤਰ ਦੇ ਸੁਭਾਅ ਬਾਰੇ ਲਿਖੋ।

73. ਪ੍ਰਤੀਸਥਾਪਨ ਵਸਤੂਆਂ ਤੋਂ ਕੀ ਭਾਵ ਹੈ?

74. ਸਾਂਖਿਅਕੀ ਦੇ ਕੋਈ ਦੋ ਮੁੱਖ ਕੰਮ ਲਿਖੋ।

75. ਕੇਂਦਰੀ ਪ੍ਰਵਿਰਤੀ ਦੇ ਮਾਪ ਕਿਹੜੇ ਹਨ?

76. ਉਪਭੋਗਤਾ ਸੰਤੁਲਨ ਤੋਂ ਕੀ ਭਾਵ ਹੈ?

77. ਹੇਠਾਂ ਲਿਖੀ ਜਾਣਕਾਰੀ ਤੋਂ ਵਿਸਥਾਰ (Range) ਗਿਆਤ ਕਰੋ।

ਸੱਭ ਤੋਂ ਵੱਡੀ ਮੱਦ - 50

ਸੱਭ ਤੋਂ ਛੋਟੀ ਮੱਦ - 15

78. ਜੇਕਰ Q1 = 6 ; Q3= 12 ਹੋਣ ਤਾਂ ਚਤੁਰਥਕ ਵਿਚਲਨ (Quartile deviation) ਗਿਆਤ ਕਰੋ।

79. ਹੇਠ ਲਿਖੇ ਅੰਕੜਿਆਂ ਦੇ ਅਧਾਰ ਤੇ ਬਹੁਲਕ ( Mode) ਗਿਆਤ ਕਰੋ।

| ਮਜ਼ਦੂਰੀ: | 25 | 50 | 75 | 80 | 85 | 90 |
|---|---|---|---|---|---|---|
| ਮਜ਼ਦੂਰਾਂ ਦੀ ਸੰਖਿਆ: | 5 | 6 | 11 | 3 | 2 | 1 |

80. ਹੇਠਾਂ ਲਿਖੀ ਜਾਣਕਾਰੀ ਤੋਂ ਲਾਸਪੀਅਰ ਵਿਧੀ ਰਾਹੀਂ ਸੂਚਕਾਂਕ ਗਿਆਤ ਕਰੋ।

$\sum p_1q_0 = 235$

$\sum p_0q_0 = 187$

ਭਾਗ - III

## ਛੋਟੇ ਉਤੱਰ ਵਾਲੇ ਪ੍ਰਸ਼ਨ

81. ਮੰਗ ਦੇ ਨਿਯਮ ਦੇ ਕੋਈ ਚਾਰ ਅਪਵਾਦ ਲਿਖੋ।
82. ਘੱਟਦੀ ਸੀਮਾਂਤ ਉਪਯੋਗਤਾ ਦੇ ਨਿਯਮ ਦੀਆਂ ਮਾਨਤਾਵਾਂ ਲਿਖੋ।
83. ਪ੍ਰਬੰਧਕੀ ਅਰਥਸ਼ਾਸਤਰ ਦੇ ਸੁਭਾਅ ਦੀ ਸੰਖੇਪ ਵਿੱਚ ਵਿਆਖਿਆ ਕਰੋ।
84. ਸਾਂਖਿਅਕੀ ਦੇ ਖੇਤਰ ਬਾਰੇ ਚਰਚਾ ਕਰੋ।
85. ਉਦਾਸੀਨ ਵੱਕਰ ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਲਿਖੋ।
86. ਮੰਗ ਦੀ ਕੀਮਤ ਲੋਚ ਨੂੰ ਮਾਪਣ ਦੀ ਕੁੱਲ ਖਰਚ ਵਿਧੀ ਕੀ ਹੈ?
87. ਸਮ- ਸੀਮਾਂਤ ਉਪਯੋਗਤਾ ਦੇ ਨਿਯਮ ਦੀ ਵਿਆਖਿਆ ਕਰੋ।
88. ਮੰਗ ਦੀ ਕੀਮਤ ਲੋਚ ਨੂੰ ਨਿਰਧਾਰਤ ਕਰਨ ਵਾਲੇ ਤੱਤ ਕਿਹੜੇ ਹਨ?
89. ਸਹਿ- ਸੰਬੰਧ ਤੋਂ ਕੀ ਭਾਵ ਹੈ?
90. ਸੂਚਕਾਂਕ ਦੇ ਕੋਈ ਚਾਰ ਲਾਭ ਲਿਖੋ ।
91. ਮਾਧਿਆ ਵਿਚਲਨ ਤੋਂ ਕੀ ਭਾਵ ਹੈ?
92. ਪ੍ਰਬੰਧਕੀ ਅਰਥਸ਼ਾਸਤਰ ਦੇ ਖੇਤਰ ਬਾਰੇ ਚਰਚਾ ਕਰੋ।
93. ਮੰਗ ਦੇ ਵਿਸਥਾਰ ਤੋਂ ਕੀ ਭਾਵ ਹੈ?
94. ਉਦਾਸੀਨ ਵੱਕਰ ਵਿਸ਼ਲੇਸ਼ਣ ਦੀਆਂ ਮਾਨਤਾਵਾਂ ਕੀ ਹਨ?
95. ਸਾਂਖਿਅਕੀ ਦੀ ਕੋਈ ਚਾਰ ਸੀਮਾਵਾਂ ਲਿਖੋ।
96. ਪੂਰਨ ਲੋਚਦਾਰ ਮੰਗ ਤੋ ਕੀ ਭਾਵ ਹੈ?
97. ਹੇਠਾਂ ਦਿੱਤੀ ਜਾਣਕਾਰੀ ਅਨੁਸਾਰ ਕ੍ਰਮ- ਨੰਬਰ ਸਹਿ- ਸੰਬੰਧ ਗੁਣਾਂਕ (Rank Correlation Coefficient) ਦੀ ਗਣਨਾ ਕਰੋ।

    $N = 10$ , $\sum D^2 = 86$
98. ਹੇਠ ਲਿਖੇ ਅੰਕੜਿਆਂ ਦੀ ਮਦਦ ਨਾਲ 2015 ਨੂੰ ਆਧਾਰ ਸਾਲ ਮੰਨ ਕੇ ਸਰਲ ਸਮੂਹੀਕਰਨ ਵਿਧੀ ( Simple aggregative method) ਰਾਹੀਂ 2018 ਦੇ ਸੂਚਕ ਅੰਕ ਗਿਆਤ ਕਰੋ।

| ਵਸਤੂਆਂ | A | B | C |
|---|---|---|---|
| ਸਾਲ 2015 ਦੀ ਕੀਮਤਾਂ | 60 | 50 | 10 |
| ਸਾਲ 2018 ਦੀ ਕੀਮਤਾਂ | 90 | 70 | 20 |

99. ਦੱਸ ਵਿਦਿਆਰਥੀਆਂ ਦਾ ਪ੍ਰਤੀ ਮਹੀਨਾ ਜੇਬ ਖ਼ਰਚਾ ਹੇਠਾਂ ਲਿਖਿਆਂ ਹੈ। ਪ੍ਰਤੱਖ ਵਿਧੀ ਰਾਹੀਂ ਅੰਕ ਗਣਿਤੀ ਮਾਧਿਆ (arithmetic mean) ਗਿਆਤ ਕਰੋ।

| | | | | | | | | | |
|---|---|---|---|---|---|---|---|---|---|
| 15 | 20 | 30 | 22 | 25 | 18 | 40 | 50 | 55 | 65 |

100. ਹੇਠਾਂ ਦਿੱਤੇ ਅੰਕੜਿਆਂ ਤੋਂ ਵਿਸਥਾਰ (Range) ਗਿਆਤ ਕਰੋ।

| | | | | | |
|---|---|---|---|---|---|
| ਵਿਦਿਆਰਥੀਆਂ ਦੁਆਰਾ ਪ੍ਰਾਪਤ ਅੰਕ | 25 | 30 | 45 | 65 | 95 |

**Group - Business and Commerce**
**Trade - Banking & Financial Services**
**Subject - Introduction to Computer Applications - 217**
**Class- 10+2**

**ਭਾਗ - I**

**ਬਹੁ-ਵਿਕਲਪ ਪ੍ਰਸ਼ਨ**

1. PC ਦਾ ਪੂਰਾ ਨਾਮ ਹੈ
    A. ਪੋਰਟੇਬਲ ਕੰਪਿਊਟਰ
    **B. ਪਰਸਨਲ ਕੰਪਿਊਟਰ**
    C. ਪ੍ਰਾਈਵੇਟ ਕੰਪਿਊਟਰ
    D. ਪਿਕਚਰ ਕੰਪਿਊਟਰ

2. ਈ- ਵਣਜ ਦੀ ਧਾਰਨਾ ਵਿੱਚ ਸ਼ਾਮਿਲ ਹੈ
    A. ਈ- ਬੈਂਕਿੰਗ
    B. ਈ- ਮਾਰਕੀਟਿੰਗ
    C. ਈ- ਭੁਗਤਾਨ
    **D. ਉਪਰੋਕਤ ਸਾਰੇ**

3. ਈ-ਭੁਗਤਾਨ ਨੂੰ ਇਹ ਵੀ ਕਿਹਾ ਜਾਂਦਾ ਹੈ
    A. ਇਲੈਕਟ੍ਰਾਨਿਕ ਭੁਗਤਾਨ
    B. ਇੰਟਰਨੈੱਟ ਭੁਗਤਾਨ
    C. ਵੈੱਬ ਭੁਗਤਾਨ
    **D. ਉਪਰੋਕਤ ਸਾਰੇ**

4. ਈ ਮਾਰਕੀਟਿੰਗ ਬਚਾਉਂਦੀ ਹੈ
    A. ਸਮਾਂ
    B. ਪੈਸਾ
    C. ਊਰਜਾ
    **D. ਉਪਰੋਕਤ ਸਾਰੇ**

5. ਇੰਟਰਨੈੱਟ ਸੁਵਿਧਾ ਪ੍ਰਾਪਤ ਕਰਨ ਲਈ ਹੇਠਾਂ ਦਿੱਤਿਆਂ ਵਿੱਚੋਂ ਕਿਸ ਦੀ ਲੋੜ ਨਹੀਂ ਪੈਂਦੀ?

A. ਕੰਪਿਊਟਰ

B. ਵਿੰਡੋ ਇੰਟਰਫੇਸ

**C. ਯੂ. ਪੀ. ਐੱਸ.**

D. ਇੰਟਰਨੈੱਟ ਸਹੂਲਤ

6. ਈ-ਭੁਗਤਾਨ ਲਈ ਹੇਠਾਂ ਲਿਖਿਆਂ ਵਿੱਚੋਂ ਕਿਹੜੇ ਤੱਤ ਦੀ ਜ਼ਰੂਰਤ ਹੁੰਦੀ ਹੈ?

A. ਪ੍ਰਯੋਗਕਰਤਾ

B. ਵੈਬਸਾਇਟ

C. ਭੁਗਤਾਨ ਦਾ ਉੱਚਿਤ ਮਾਧਿਅਮ

**D. ਉਪਰੋਕਤ ਸਾਰੇ**

7. ਜਦੋਂ ਤੁਸੀਂ ਕਰੈਡਿਟ ਕਾਰਡ ਦੀ ਵਰਤੋਂ ਕਰਦੇ ਹੋ ਤਾਂ ਤੁਸੀਂ ਵਰਤੋਂ ਕਰਦੇ ਹੋ

A. ਮਾਲਕ ਦੇ ਪੈਸੇ ਦੀ

B. ਆਪਣੇ ਪੈਸੇ ਦੀ

**C. ਉਸ ਸੰਸਥਾ ਦੇ ਪੈਸੇ ਦੀ ਜਿਸਨੇ ਕਾਰਡ ਜਾਰੀ ਕੀਤਾ ਹੈ**

D. ਉਪਰੋਕਤ ਸਾਰੇ

8. ਕੋਈ ਨਿਵੇਸ਼ਕਰਤਾ ਵੱਧ ਤੋਂ ਵੱਧ ਕਿੰਨੇ ਡਿਪਾਜ਼ਿਟਰੀ ਖਾਤੇ ਖੋਲਵਾ ਸਕਦਾ ਹੈ?

A. ਸਿਰਫ ਇੱਕ

B. ਸਿਰਫ ਦੋ

**C. ਇੱਛਾ ਅਨੁਸਾਰ ਜਿੰਨੇ ਮਰਜ਼ੀ**

D. ਉਪਰੋਕਤ ਵਿੱਚੋਂ ਕੋਈ ਨਹੀਂ

9. ਇਲੈਕਟ੍ਰਾਨਿਕ ਬਿਜ਼ਨਸ ਨਾਲ ਪਾਰਦਰਸ਼ਤਾ ਤੇ ਕੀ ਪ੍ਰਭਾਵ ਪੈਂਦਾ ਹੈ?

**A. ਪਾਰਦਰਸ਼ਤਾ ਵੱਧਦੀ ਹੈ**

B. ਪਾਰਦਰਸ਼ਤਾ ਘੱਟ ਹੋ ਜਾਂਦੀ ਹੈ

C. ਪਾਰਦਰਸ਼ਤਾ ਤੇ ਕੋਈ ਪ੍ਰਭਾਵ ਨਹੀਂ ਪੈਂਦਾ

D. ਉਪਰੋਕਤ ਵਿੱਚੋਂ ਕੋਈ ਨਹੀਂ

10. ਭਾਰਤ ਵਿੱਚ ਭਵਿੱਖ ਵਿੱਚ ਈ-ਵਣਜ ਦੇ ਵਿਕਾਸ ਲਈ ਕਿਹੜੇ ਮੌਕੇ ਉਪਲੱਬਧ ਹਨ?

A. ਸਾਫਟਵੇਅਰ ਮਾਹਿਰਾਂ ਦੀ ਉਪਲੱਬਧਤਾ

B. ਆਈ ਟੀ ਦਾ ਤੇਜ਼ ਵਿਕਾਸ

C. ਆਨ-ਲਾਈਨ ਗਾਹਕ ਸੇਵਾਵਾਂ

**D. ਉਪਰੋਕਤ ਸਾਰੇ**

11. ਕੰਪਿਊਟਰ ਦੀ ਵਰਤੋਂ ਕਿਥੇ ਕੀਤੀ ਜਾ ਸਕਦੀ ਹੈ?

A. ਘਰਾਂ ਵਿੱਚ

B. ਦਫ਼ਤਰਾਂ ਵਿੱਚ

C. ਚਲਦੇ ਵਾਹਨ ਵਿੱਚ

**D. ਹਰ ਜਗ੍ਹਾ**

12. ਹੇਠਾਂ ਦਿੱਤਿਆਂ ਵਿੱਚੋਂ ਕਿਹੜਾ ਈ- ਵਣਜ ਦਾ ਮਾਡਲ ਨਹੀ ਹੈ?

**A. ਡੀ ਟੂ ਸੀ (D2C)**

B. ਬੀ ਟੂ ਬੀ (B2B)

C. ਸੀ ਟੂ ਸੀ (C2C)

D. ਬੀ ਟੂ ਸੀ (B2C)

13. ਆਨ- ਲਾਈਨ ਟਰੇਡਿੰਗ ਵਿੱਚ ............ ਦੀ ਖਰੀਦ ਵਿਕਰੀ ਕੀਤੀ ਜਾਂਦੀ ਹੈ।

A. ਵਸਤੂਆਂ

**B. ਸ਼ੇਅਰਾ**

C. ਸੇਵਾਵਾਂ

D. ਉਪਰੋਕਤ ਵਿੱਚੋਂ ਕੋਈ ਨਹੀਂ

14. ਈ-ਬੈਂਕਿੰਗ ਸੇਵਾ ਉਪਲਬਧ ਹੈ

A. ਛੁੱਟੀਆਂ ਦੌਰਾਨ

**B. ਦਿਨ ਵਿੱਚ 24 ਘੰਟੇ**

C. ਕੰਮਕਾਜੀ ਦਿਨਾਂ ਤੇ

D. ਉਪਰੋਕਤ ਵਿੱਚੋਂ ਕੋਈ ਨਹੀਂ

15. ਹੇਠਾਂ ਦਿੱਤਿਆਂ ਵਿੱਚੋਂ ਕਿਹੜਾ ਈ- ਮਾਰਕੀਟਿੰਗ ਦਾ 'ਪੀ' ਨਹੀਂ ਹੈ?

A. ਵਸਤੂ

**B. ਉਤਪਾਦਕ**

C. ਜਗ੍ਹਾ

D. ਕੀਮਤ

**ਖਾਲੀ ਸਥਾਨ ਭਰੋ।**

16. ਇੰਟਰਨੈੱਟ ਨੇ ……….. ਦੇ ਸਾਰੇ ਲੋਕਾਂ ਨੂੰ ਆਪਸ ਵਿੱਚ ਜੋੜਿਆ ਹੈ। ( ਦੇਸ਼ / **ਸੰਸਾਰ**)
17. ਈ- ਵਣਜ ਨਾਲ ਲੈਣ-ਦੇਣ ਦੀ ਲਾਗਤ ……… ਹੁੰਦੀ ਹੈ। ( **ਘੱਟ** / ਵੱਧ)
18. ਇੰਟਰਨੈੱਟ ਬੈਂਕਿੰਗ ਬਹੁਤ ……….. ਤਕਨੀਕ ਹੈ। (**ਸਸਤੀ**/ਮਹਿੰਗੀ)
19. ਈ-ਵਣਜ ਦੇ ਪਸਾਰੇ ਨਾਲ ਭਾਰਤ ਵਿੱਚ ਨੌਕਰੀਆਂ ਦੇ ਮੌਕੇ ………… ਹੋਏ ਹਨ। (ਘੱਟ/**ਵੱਧ**)
20. ਈ-ਟਰੇਡਿੰਗ ਨੇ ਤਰਲਤਾ ਨੂੰ ………ਹੈ। ( **ਵਧਾਇਆ** / ਘਟਾਇਆ)
21. ਈ- ਬਿਜ਼ਨਸ ਦੀ …………. ਪਹੁੰਚ ਹੈ। (ਰਾਸ਼ਟਰੀ/ **ਸੰਸਾਰਕ**)
22. ਏ ਟੀ ਐਮ ਮਸ਼ੀਨ ਦੀ ਵਰਤੋਂ ਬਹੁਤ ………. ਹੈ।(**ਸੌਖੀ**/ਔਖੀ)
23. ਪ੍ਰਿੰਟਰ ਇੱਕ ……….. ਯੰਤਰ ਹੈ। ( ਇੰਨਪੁੱਟ / **ਆਊਟਪੁੱਟ**)
24. ਈ- ਮਾਰਕੀਟਿੰਗ ਨੇ ਲਾਗਤ ਨੂੰ ………… ਹੈ। ( ਵਧਾਇਆ / **ਘਟਾਇਆ** )
25. ਈ- ਵਣਜ ਇਕ ਅਜਿਹੀ ਤਕਨੀਕ ਹੈ ਜੋ ਕਿ ……….. ਉਪਲਬਧ ਹੁੰਦੀ ਹੈ। ( **24 ਘੰਟੇ** / ਕੰਮ ਦੇ ਘੰਟੇ)
26. ਡਿਜੀਟਲ ਸਿਗਨਲ ਨੂੰ ਐਨਾਲੋਗ ਸਿਗਨਲ ਵਿੱਚ ਤਬਦੀਲ ਕਰਨ ਦੀ ਪ੍ਰਕ੍ਰਿਆ ਨੂੰ ………… ਕਹਿੰਦੇ ਹਨ। (**ਮਾਡੂਲੇਸ਼ਨ**/ ਡੀਮਾਡੂਲੇਸ਼ਨ)
27. ਰੈਮ ਇੱਕ …………. ਮੈਮਰੀ ਹੈ। ( **ਵੋਲੇਟਾਇਲ** / ਨਾਨ- ਵੋਲੇਟਾਇਲ)
28. ਈ- ਬੈਂਕਿੰਗ ਦਾ ਖੇਤਰ ਬਹੁਤ ……….. ਹੈ। ( ਸੀਮਤ / **ਵਿਸ਼ਾਲ**)
29. ਈ- ਮਾਰਕੀਟਿੰਗ ………… ਦੀ ਖਰੀਦ ਅਤੇ ਵੇਚ ਨਾਲ ਸੰਬੰਧ ਰੱਖਦੀ ਹੈ। ( ਸ਼ੇਅਰਾ / **ਵਸਤੂਆਂ**)
30. ਈ- ਬੈਂਕਿੰਗ ਵਿੱਚ ਸਾਰਾ ਲੈਣ-ਦੇਣ ………….. ਹੁੰਦਾ ਹੈ। ( ਹੱਥ ਨਾਲ / **ਇਲੈਕਟ੍ਰਾਨਿਕਲੀ**)

**ਸਹੀ / ਗਲਤ**

31. ਈ- ਵਣਜ ਵਸਤੂਆਂ ਦੀ ਇੰਟਰਨੈੱਟ ਉੱਤੇ ਖਰੀਦ ਅਤੇ ਵੇਚ ਨਾਲ ਸੰਬੰਧ ਰੱਖਦਾ ਹੈ।(**ਸਹੀ** / ਗਲਤ)
32. ਈ-ਟ੍ਰੇਡਿੰਗ ਇੱਕ ਸੇਵਾ ਹੈ ਜਿਹੜੀ ਕਿ ਪ੍ਰਤੀਭੂਤੀਆਂ ਦੀ ਖਰੀਦ ਅਤੇ ਵੇਚ ਲਈ ਇੰਟਰਨੈੱਟ ਤੇ ਦਿੱਤੀ ਜਾਂਦੀ ਹੈ। (**ਸਹੀ** / ਗਲਤ)
33. ਇੰਟਰਨੈੱਟ ਦੀ ਸਹਾਇਤਾ ਨਾਲ ਤੁਸੀਂ ਆਪਣੇ ਦੋਸਤਾਂ ਨਾਲ ਗੱਲਬਾਤ ਕਰ ਸਕਦੇ ਹੋ। ( **ਸਹੀ** / ਗਲਤ)

34. ਈ- ਭੁਗਤਾਨ ਪ੍ਣਾਲੀ ਨਾਲ ਅਸੀਂ ਬਿੱਲਾ ਦਾ ਭੁਗਤਾਨ ਕਰ ਸਕਦੇ ਹਾਂ। (**ਸਹੀ** / ਗਲਤ)

35. ਕੰਪਿਊਟਰ ਬਹੁਤ ਹੌਲੀ ਗਤੀ ਨਾਲ ਕੰਮ ਕਰਦਾ ਹੈ। ( ਸਹੀ / **ਗਲਤ**)

36. ਈ- ਬੈਂਕਿੰਗ ਦਾ ਖੇਤਰ ਬਹੁਤ ਵਿਸ਼ਾਲ ਹੈ। ( **ਸਹੀ** / ਗਲਤ)

37. ਈ - ਮਾਰਕੀਟਿੰਗ ਗ੍ਰਾਹਕਾਂ ਲਈ ਲਾਭਦਾਇਕ ਨਹੀਂ ਹੈ। ( ਸਹੀ / **ਗਲਤ**)

38. ਭਾਰਤ ਵਿੱਚ ਈ- ਵਣਜ ਦੇ ਵਿਸਥਾਰ ਨਾਲ ਨੌਕਰੀ ਦੇ ਮੌਕੇ ਵੱਧੇ ਹਨ। ( **ਸਹੀ** / ਗਲਤ)

39. ਈ- ਬਿਜ਼ਨਸ ਸੁਵਿਧਾ ਕੇਵਲ ਕੰਮ ਦੇ ਘੰਟਿਆਂ ਵਿੱਚ ਹੀ ਉਪਲੱਬਧ ਹੈ। ( ਸਹੀ / **ਗਲਤ**)

40. ਕੀ - ਬੋਰਡ ਇੱਕ ਆਊਟਪੁੱਟ ਯੰਤਰ ਹੈ। ( ਸਹੀ / **ਗਲਤ**)

41. ਈ- ਮੇਲ ਦਾ ਅਰਥ 'ਇਲੈਕਟ੍ਰਾਨਿਕ ਮੇਲ' ਹੈ। ( **ਸਹੀ** / ਗਲਤ)

42. ਈ - ਵਣਜ ਵਸਤੂਆਂ ਦੀ ਖਰੀਦ ਅਤੇ ਵੇਚ ਨਾਲ ਸੰਬੰਧਤ ਹੈ। ( **ਸਹੀ** / ਗਲਤ)

43. ਡੈਬਿਟ ਕਾਰਡ ਨੂੰ ਏ ਟੀ ਐਮ ਕਾਰਡ ਵੀ ਕਿਹਾ ਜਾਂਦਾ ਹੈ। ( **ਸਹੀ** / ਗਲਤ)

44. ਈ- ਮਾਰਕੀਟਿੰਗ ਵਿੱਚ ਉਤਪਾਦਕ ਅਤੇ ਉਪਭੋਗਤਾ ਵਿੱਚ ਸਿੱਧਾ ਸੰਬੰਧ ਹੁੰਦਾ ਹੈ। ( **ਸਹੀ** / ਗਲਤ)

45. ਈ- ਟਰੇਡਿੰਗ ਵਿੱਚ ਸ਼ੇਅਰ ਕਾਗਜੀ ਰੂਪ ਵਿੱਚ ਹੁੰਦੇ ਹਨ। ( ਸਹੀ / **ਗਲਤ**)

**ਸਹੀ ਮਿਲਾਣ ਕਰੋ।**

46. ਮਿਲਾਣ ਕਰੋ।

A. **ਇਨਪੁਟ ਯੰਤਰ** — a. ਮਾਨੀਟਰ

B. ਆਊਟਪੁਟ ਯੰਤਰ — **b. ਕੀ-ਬੋਰਡ**

47. ਮਿਲਾਣ ਕਰੋ।

A. **ਪਰੰਪਰਾਗਤ ਬੈਂਕਿੰਗ ਵਿੱਚ** — a. ਨਿੱਜੀ ਤੌਰ ਤੇ ਬੈਂਕ ਨਹੀਂ ਜਾਣਾ ਪੈਂਦਾ।

B. ਈ-ਬੈਂਕਿੰਗ ਵਿੱਚ — b. **ਨਿੱਜੀ ਤੌਰ ਤੇ ਬੈਂਕ ਜਾਣਾ ਪੈਂਦਾ ਹੈ।**

48. ਮਿਲਾਣ ਕਰੋ।

A. **ਈ-ਟਰੇਡਿੰਗ** — a. ਵਸਤੂਆਂ ਅਤੇ ਸੇਵਾਵਾਂ ਦੀ ਖਰੀਦ ਅਤੇ ਵੇਚ ਨਾਲ ਸੰਬੰਧ ਰੱਖਦੀ ਹੈ।

B. ਈ-ਮਾਰਕੀਟਿੰਗ — b. **ਪ੍ਰਤੀਭੂਤੀਆਂ ਦੀ ਖਰੀਦ ਅਤੇ ਵੇਚ ਨਾਲ ਸੰਬੰਧ ਰੱਖਦੀ ਹੈ।**

49. ਮਿਲਾਣ ਕਰੋ।

A. **ਰੈਮ** — a. ਰੀਡ ਓਨਲੀ ਮੈਮਰੀ

B. ਰੋਮ — b. **ਰੈਂਡਮ ਅਕਸੈਸ ਮੈਮਰੀ**

50. ਮਿਲਾਣ ਕਰੋ ।

A. **ਬੀ ਟੂ ਸੀ** a. **ਵਪਾਰ ਤੋਂ ਉਪਭੋਗਤਾ**

B. ਬੀ ਟੂ ਬੀ b. ਵਪਾਰ ਤੋਂ ਵਪਾਰ

51. ਮਿਲਾਣ ਕਰੋ ।

A. **ਈ- ਬਿਜ਼ਨਸ** a. ਸੀਮਿਤ ਲੈਣ-ਦੇਣ ਸ਼ਾਮਿਲ ਹੈ।

B. ਈ- ਵਣਜ b. **ਅਸੀਮਿਤ ਲੈਣ- ਦੇਣ ਸ਼ਾਮਿਲ ਹੈ।**

52. ਮਿਲਾਣ ਕਰੋ

A. **ਮਾਡੂਲੇਸ਼ਨ** a. **ਡਿਜੀਟਲ ਸਿਗਨਲ ਨੂੰ ਐਨਾਲੋਗ ਸਿਗਨਲ ਵਿੱਚ ਤਬਦੀਲ ਕਰਨ ਦੀ ਪ੍ਰਕ੍ਰਿਆ।**

B. ਡੀਮਾਡੂਲੈਸ਼ਨ b. ਐਨਾਲੋਗ ਸਿਗਨਲ ਨੂੰ ਡਿਜੀਟਲ ਸਿਗਨਲ ਵਿੱਚ ਤਬਦੀਲ ਕਰਨ ਦੀ ਪ੍ਰਕ੍ਰਿਆ।

53. ਮਿਲਾਣ ਕਰੋ ।

A. **ਪਹਿਲੀ ਪੀੜ੍ਹੀ ਦੇ ਕੰਪਿਊਟਰਾਂ ਵਿੱਚ** a. ਟਰਾਂਜਿਸਟਰ ਦਾ ਪ੍ਰਯੋਗ ਕੀਤਾ ਗਿਆ ਸੀ।

B. ਦੂਜੀ ਪੀੜ੍ਹੀ ਦੇ ਕੰਪਿਊਟਰਾਂ ਵਿੱਚ b. **ਵੈਕਯੂਮ ਨਲੀਆਂ ਦਾ ਪ੍ਰਯੋਗ ਕੀਤਾ ਗਿਆ ਸੀ।**

54. ਮਿਲਾਣ ਕਰੋ ।

A. **ਡੈਬਿਟ ਕਾਰਡ ਰਾਹੀਂ ਵਰਤੋਂ ਹੁੰਦੀ ਹੈ** a. ਉਸ ਸੰਸਥਾ ਦੇ ਪੈਸੇ ਦੀ ਜਿਸਨੇ ਕਾਰਡ ਜਾਰੀ ਕੀਤਾ ਹੈ।

B. ਕਰੈਡਿਟ ਕਾਰਡ ਰਾਹੀਂ ਵਰਤੋਂ ਹੁੰਦੀ ਹੈ b. **ਆਪਣੇ ਪੈਸੇ ਦੀ।**

55. ਮਿਲਾਣ ਕਰੋ ।

A. **ਈ- ਟਰੇਡਿੰਗ** a. ਪ੍ਰਤੀਭੂਤੀਆਂ ਭੌਤਿਕ ਰੂਪ ਵਿੱਚ ਸ਼ਾਮਿਲ ਹੈ ।

B. ਪਰੰਪਰਾਗਤ ਟਰੇਡਿੰਗ b. **ਪ੍ਰਤੀਭੂਤੀਆਂ ਇਲੈਕਟ੍ਰਾਨਿਕ ਰੂਪ ਵਿੱਚ ਸ਼ਾਮਿਲ ਹੈ ।**

56. ਮਿਲਾਣ ਕਰੋ ।

**A. ਈ- ਮਾਰਕੀਟਿੰਗ** a. **ਵੱਧ ਤਰਲਤਾ**

B. ਪਰੰਪਰਾਗਤ ਮਾਰਕੀਟਿੰਗ b. ਘੱਟ ਤਰਲਤਾ

57. ਮਿਲਾਣ ਕਰੋ ।

A. **ਡੈਬਿਟ ਕਾਰਡ** a. ਬਾਅਦ ਵਿੱਚ ਅਦਾਇਗੀ ਵਾਲੀ ਭੁਗਤਾਨ ਪ੍ਰਣਾਲੀ।

B. ਕਰੈਡਿਟ ਕਾਰਡ b. **ਤੁਰੰਤ ਭੁਗਤਾਨ ਕਰਨ ਵਾਲੀ ਭੁਗਤਾਨ ਪ੍ਰਣਾਲੀ।**

58. ਮਿਲਾਣ ਕਰੋ ।

A. **ਪਰੰਪਰਾਗਤ ਮਾਰਕੀਟਿੰਗ** a. **ਵਿਚੋਲੇ ਦੀ ਅਹਿਮ ਭੂਮਿਕਾ ਹੈ।**

B. ਈ- ਮਾਰਕੀਟਿੰਗ b. ਵਿਚੋਲੇ ਦੀ ਕੋਈ ਜ਼ਰੂਰਤ ਨਹੀਂ।

59. ਮਿਲਾਣ ਕਰੋ।

A. **ਈ- ਵਣਜ ਦਾ ਲਾਭ** a. ਮਹਿੰਗਾ

B. ਈ- ਵਣਜ ਦੀ ਘਾਟ b. **ਘੱਟ ਕਾਗਜੀ ਕੰਮਕਾਰ**

60. ਮਿਲਾਣ ਕਰੋ ।

A. **ਰੋਮ** a. ਵੋਲੇਟਾਇਲ ਮੈਮਰੀ

B. ਰੈਮ b. **ਨਾਨ- ਵੋਲੇਟਾਇਲ ਮੈਮਰੀ**

**ਭਾਗ - II**

**ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ**

61. ਇੰਟਰਨੈੱਟ ਕੀ ਹੈ?

62. ਭਾਰਤ ਵਿੱਚ ਕਿੰਨੇ ਸੰਗ੍ਰਹਿ- ਘਰ ਹਨ?

63. ਕੰਪਿਊਟਰ ਕੀ ਹੈ?

64. ਈ- ਬੈਂਕਿੰਗ ਤੋਂ ਕੀ ਭਾਵ ਹੈ?

65. ਬੀ ਟੂ ਸੀ (B2C) ਵਣਜ ਕੀ ਹੈ?

66. ਕਰੈਡਿਟ ਕਾਰਡ ਕੀ ਹੈ?

67. ਈ- ਮਾਰਕੀਟਿੰਗ ਤੋਂ ਕੀ ਭਾਵ ਹੈ?

68. ਈ- ਬਿਜ਼ਨਸ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਲਿਖੋ।

69. ਈ - ਟਰੇਡਿੰਗ ਤੋਂ ਕੀ ਭਾਵ ਹੈ?

70. ਈ- ਵਣਜ ਦੇ ਕੋਈ ਦੋ ਲਾਭ ਲਿਖੋ।

71. ਈ- ਮੇਲ ਕੀ ਹੈ?

72. ਡਿਜੀ ਨਕਦੀ ਕੀ ਹੈ?

73. ਕੀ- ਬੋਰਡ ਕੀ ਹੈ?

74. ਈ- ਮਾਰਕੀਟਿੰਗ ਦੇ ਕੋਈ ਦੋ ਲਾਭ ਲਿਖੋ।

75. ਭਾਰਤ ਵਿੱਚ ਈ- ਵਣਜ ਦੀਆਂ ਕੋਈ ਦੋ ਮੁਸ਼ਕਿਲਾਂ ਬਾਰੇ ਲਿਖੋ।

76. ਮੋਬਾਈਲ ਬੈਂਕਿੰਗ ਤੋਂ ਕੀ ਭਾਵ ਹੈ?

77. ਈ- ਬਿਜ਼ਨਸ ਅਤੇ ਈ- ਵਣਜ ਵਿੱਚ ਕੋਈ ਦੋ ਅੰਤਰ ਲਿਖੋ।

78. ਕੰਪਿਊਟਰ ਦੇ ਕੋਈ ਦੋ ਲਾਭ ਲਿਖੋ।

79. ਈ- ਮਾਰਕੀਟਿੰਗ ਦੇ ਚਾਰ 'ਪੀ' ਦੇ ਨਾਮ ਲਿਖੋ।

80. ਈ- ਵਣਜ ਤੋਂ ਕੀ ਭਾਵ ਹੈ?

## ਭਾਗ - III

### ਛੋਟੇ ਉਤੱਰ ਵਾਲੇ ਪ੍ਰਸ਼ਨ

81. ਇੰਟਰਨੈੱਟ ਦੇ ਕੋਈ ਚਾਰ ਲਾਭ ਲਿਖੋ।

82. ਈ-ਬੈਂਕਿੰਗ ਦੇ ਗ੍ਰਾਹਕਾ ਨੂੰ ਕੋਈ ਚਾਰ ਲਾਭ ਲਿਖੋ ।

83. ਈ-ਟਰੇਡਿੰਗ ਅਤੇ ਪਰੰਪਰਾਗਤ ਟਰੇਡਿੰਗ ਵਿੱਚ ਅੰਤਰ ਦੱਸੋ ।

84. ਇੰਟਰਨੈੱਟ ਕਿਸ ਤਰ੍ਹਾਂ ਕੰਮ ਕਰਦਾ ਹੈ?

85. ਕੰਪਿਊਟਰ ਦੀ ਕੋਈ ਚਾਰ ਵਿਸ਼ੇਸ਼ਤਾਵਾਂ ਲਿਖੋ ।

86. ਈ- ਟਰੇਡਿੰਗ ਦੇ ਗੁਣਾਂ ਦਾ ਵਰਨਣ ਕਰੋ ।

87. ਈ- ਵਣਜ ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਲਿਖੋ।

88. ਈ- ਬੈਂਕਿੰਗ ਅਤੇ ਪਰੰਪਰਾਗਤ ਬੈਂਕਿੰਗ ਵਿੱਚ ਅੰਤਰ ਲਿਖੋ ।

89. ਇਲੈਕਟ੍ਰਾਨਿਕ ਚੈੱਕ ਤੋਂ ਕੀ ਭਾਵ ਹੈ?

90. ਈ- ਮਾਰਕੀਟਿੰਗ ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਲਿਖੋ।

91. ਈ- ਬਿਜ਼ਨਸ ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਲਿਖੋ।

92. ਭਾਰਤ ਵਿੱਚ ਈ-ਵਣਜ ਦੇ ਮੌਕਿਆਂ ਬਾਰੇ ਵਿਸਥਾਰ ਵਿੱਚ ਲਿਖੋ।

93. ਈ- ਵਣਜ ਅਤੇ ਰਵਾਇਤੀ ਵਣਜ ਵਿੱਚ ਕੋਈ ਚਾਰ ਅੰਤਰ ਲਿਖੋ ।

94. ਕੰਪਿਊਟਰ ਦੇ ਕੀ ਲਾਭ ਹਨ?

95. ਈ- ਬੈਂਕਿੰਗ ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਲਿਖੋ ।

96. ਮੁਖਤਾਰੀ ਸਰਵਰ ਤੋਂ ਕੀ ਭਾਵ ਹੈ?

97. ਈ- ਮਾਰਕੀਟਿੰਗ ਦੇ ਗ੍ਰਾਹਕਾ ਨੂੰ ਕੀ ਲਾਭ ਹਨ?

98. ਈ- ਮੇਲ ਦੇ ਕੋਈ ਚਾਰ ਲਾਭ ਲਿਖੋ।

99. ਇਲੈਕਟ੍ਰਾਨਿਕ ਭੁਗਤਾਨ ਪ੍ਰਣਾਲੀ ਦੇ ਕੋਈ ਚਾਰ ਲਾਭ ਲਿਖੋ ।

100. ਕੰਪਿਊਟਰ ਦੇ ਆਊਟਪੁੱਟ ਯੰਤਰਾਂ ਤੋਂ ਕੀ ਭਾਵ ਹੈ